# ਦ੍ਰਿਸ਼ਟੀ ਦੀ ਸਪੱਟਤਾ ਰਾਹੀਂ ਮੈਂ ਆਪਣੇ ਪਾਤਰਾਂ ਨੂੰ ਜਾਨਦਾਰ ਬਣਾਉਂਦਾ ਹਾਂ।

## - ਭਗਵੰਤ ਰਸੂਲਪੁਰੀ

"...ਉਏ ਉਲੂ ਦਿਆ ਪੱਠਿਆ, ਤੂੰ ਕੀ ਕਹਾਣੀਆਂ ਲਿਖੇਗਾਂ? ... ਕਹਾਣੀਆਂ ਤਾਂ ਉਹ ਬੰਦਾ ਲਿਖਦਾ ਏ ਜੋ ਅੱਤ ਦੀ ਧੁੱਪ ਵਿਚ ਪੱਲੀ ਦੀ ਛਾਂ ਕਰਕੇ ਟੁੱਟੀਆਂ ਜੁੱਤੀਆਂ ਨੂੰ ਟਾਂਕੇ ਲਾਉਂਦਾ ਏ... ਉਹ ਲਿਖਦਾ ਏ ਜਿਹੜਾ ਟੁੱਟੇ ਸਾਇਕਲ 'ਤੇ ਮਰਿਆ ਕੱਟਾ ਲੱਦ ਕੇ ਹੱਡਾ ਰੋੜੀ ਵੱਲ ਧੂਈ ਜਾਂਦਾ ਏ... ਇੱਲਾਂ ਜਿਹਦੇ ਇਰਦ-ਗਿਰਦ ਘੁੰਮਦੀਆਂ ਨੇ... ਉਹ ਲਿਖਦਾ ਏ ਜਿਹੜਾ ਕੱਚੇ ਚੰਮ ਤੋਂ ਵਾਲ਼ਾ ਨੂੰ ਰੰਬੀ ਨਾਲ ਚਬੂਤਰੇ ਤੇ ਬੈਠ ਕੇ ਸਾਫ਼ ਕਰਦਾ ਏ... ਛੋਟੀ ਜਾਤ ਦੇ ਮਿਹਣੇ ਕਰਕੇ ਜ਼ਲੀਲ ਹੁੰਦਾ ਏ... ਜਾਂ ਉਹ ਬਾਬਾ ਰਵਿਦਾਸ ਲਿਖ ਗਿਆ... ਜਾਂ ਫੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਲਿਖ ਗਿਆ ਚਮਾਰਾ, ਵਾਲਮੀਕੀਆਂ ਨੂੰ ਇਕ ਛਾਂ ਥੱਲੇ ਕਰ ਕੇ... ਕਿਹੜੀ ਛਾਂ ਭਲਾ 'ਆਦਿ ਧਰਮੀਆਂ ਦੀ ਛਾਂ...।" ਨਾਨਾ ਜੀ ਦੀਆਂ ਇਹੋ ਜਿਹੀ ਗੱਲਾਂ ਮੈਨੂੰ ਉਦੋਂ ਅਕਸਰ ਚੇਤੇ ਆ ਜਾਂਦੀਆਂ, ਜਦੋਂ ਮੈਂ ਕੋਈ ਨਵੀਂ ਕਹਾਣੀ ਲਿਖਣ ਲੱਗਦਾ ਹਾਂ। ਜਦ ਮੈਂ ਆਪਣੇ ਪਾਤਰਾ ਬਾਰੇ ਲਿਖਣ ਲੱਗਾ ਤਾਂ ਇਕ ਦਮ ਜ਼ਿਹਨ 'ਚ ਇਹ ਗੱਲ ਚੇਤੇ ਆ ਗਈ।

ਨਿੱਕਾ ਹੁੰਦਾ ਹੀ ਨਾਨਕੇ ਰਹਿਣ ਕਰਕੇ ਨਾਨਾ ਜੀ ਮੈਨੂੰ ਇਹੋ ਜਿਹੀਆਂ ਗੱਲਾਂ ਅਕਸਰ ਸੁਣਾਉਂਦੇ ਰਹਿੰਦੇ ਸਨ। ਨਾਨਾ ਜੀ ਨੂੰ ਕੱਚਾ ਚਮੜਾ ਰੰਗਣ ਦਾ ਕੰਮ ਵਿਰਸੇ ਵਿਚ ਮਿਲਿਆ ਸੀ। ਉਨ੍ਹਾਂ ਵੀਹ ਸਾਲ ਇਹ ਕੰਮ ਕੀਤੀ। ਫਿਰ ਉਹ ਪੱਕੇ ਚਮੜੇ ਦੀ ਬੂਟਾ ਮੰਡੀ ਆੜਤ ਕਰਨ ਲੱਗ ਪਏ। ਮੇਰਾ ਸਾਰਾ ਨਾਨਕਾ ਪਿੰਡ ਹੀ ਇਹ ਕੰਮ ਕਰਦਾ ਸੀ। ਨਾਨੇ ਹੁਰੀਂ ਮਰੇ ਪਸ਼ੂ ਵੀ ਢੋਏ, ਹੱਡਾ ਰੋੜੀ 'ਚ ਕੰਮ ਕੀਤਾ, ਚਮੜਾ ਰੰਗਿਆ, ਕੁੰਨਾਂ ਦੇ ਮੁਸ਼ਕ ਮਾਰਦੇ ਪਾਣੀ ਲਾਗੇ ਬੈਠ ਨਾਨਾ ਜੀ ਹੁੱਕਾ ਪੀਂਦੇ ਤੇ ਨਾਲ ਨਾਲ ਸਾਨੂੰ ਗੱਲਾਂ ਦੱਸਦੇ ... ਕਿਹੜੀਆਂ ਗੱਲਾਂ ਚਮਾਰਾਂ ਦੀ ਗੁਰਬਤ ਦੀਆਂ, ਰਵਿਦਾਸ ਦੀਆਂ, ਅੰਬੇਡਕਰ ਦੇ ਬੂਟਾ ਮੰਡੀ ਆਉਂਣ ਦੀਆਂ, ਬਾਬੂ ਮੰਗੂ ਰਾਮ ਮੁੱਗੋਵਾਲ ਦੀਆਂ। ਉਹ ਦੱਸਦੇ ਸਨ ਕਿ ਅਸੀਂ ਵੀ ਮੰਗੂ ਰਾਮ ਦੇ ਜਲਸਿਆਂ ਵਿਚ ਜਾਂਦੇ ਹੁੰਦੇ ਸਾਂ। ਉਨ੍ਹਾਂ ਦੇ ਟਰੰਕ ਵਿਚ ਕਈ ਕਿਤਾਬਾਂ ਸਨ, ਕਈ ਪੁਰਾਣੇ ਅਖ਼ਬਾਰਾਂ ਦੇ ਵਰਕੇ ਸਨ ਜਿਹੜੇ ਉਨ੍ਹਾਂ ਮੋਮਜ਼ਾਮੇ ਦੇ ਲਿਫ਼ਾਫੇ ਵਿਚ ਪਾਏ ਹੁੰਦੇ। ਪੁਰਾਣੇ 'ਰਵਿਦਾਸ ਪੱਤ੍ਰਕਾ' ਤੇ 'ਆਦੀ ਡੰਕਾ' ਦੀਆਂ ਕਾਪੀਆਂ ਉਨ੍ਹਾਂ ਦੇ ਟਰੰਕ ਵਿਚ ਦੇਖਦਾ। ਉਹ ਸਾਨੂੰ ਇਹ ਪੜ੍ਹ ਕੇ ਸੁਣਾਉਂਦੇ। ਮੈਂ ਉਦੋਂ ਛੋਟਾ ਸੀ। ਮੈਨੂੰ ਐਨੀ ਸੋਝੀ ਨਹੀਂ ਸੀ। ਜਦੋਂ ਨਾਨਾ ਦੀ ਵਿਛੋੜਾ ਦੇ ਗਏ ਮੈਨੂੰ ਪਤਾ ਨਹੀਂ ਉਹ ਟਰੰਕ ਵਿਚਲੀਆਂ ਕਿਤਾਬਾਂ ਤੇ ਅਖਬਾਰਾਂ ਕਿੱਥੇ ਗਈਆਂ। 'ਆਦੀ ਡੰਕਾ' ਕਹਾਣੀ ਦਾ ਮੁੱਖ ਪਾਤਰ ਚੌਧਰੀ ਫ਼ਰੀਕ ਚੰਦ' ਮੇਰਾ ਇਹ ਨਾਨਾ ਹੀ ਹੈ। ਨਾਨੇ ਦਾ ਇਹ ਰੂਪ ਐਨੀ ਦੇਰ ਬਾਅਦ ਕਹਾਣੀ ਵਿਚ ਕਿਉਂ ਆਇਆ? ਇਸ ਦਾ ਮੈਨੂੰ ਖੁਦ ਪਤਾ ਨਹੀਂ। ਨਾਨੇ ਦੇ ਹੋਰ ਰੂਪ ਵੀ ਸਾਇਦ ਅਜੇ ਹੋਣ ਜੋ ਮੇਰੇ ਅਵਚੇਤਨ ਵਿਚ ਪਏ ਹੋਣ। ਸੋ ਮੈਂ ਚੌਧਰੀ ਫ਼ਕੀਰ ਚੰਦ ਦੇ ਰੂਪ ਵਿਚ ਨਾਨਾ ਜੀ ਦੀ ਸੋਚ ਨੂੰ ਬੜੀ ਭਰਪੂਰਤਾ ਨਾਲ 'ਆਦੀ ਡੰਕਾ' ਕਹਾਣੀ ਵਿਚ ਚਿਤਰਿਆ। ਇਕ ਡੇਰੇ ਦੇ ਸੰਤ ਦੇ ਕਤਲ ਤੋਂ ਬਾਅਦ ਦਲਿਤਾਂ ਦੇ ਮਨਾਂ 'ਚ ਪਿਆ ਰੋਸ, ਗੁੱਸੇ ਦੇਖ, ਨਾਨੇ ਦਾ ਦੱਬਿਆਂ ਹੋਇਆ ਧੁੰਦਲਾ ਰੂਪ ਕਹਾਣੀ ਦੀ ਸ਼ਕਲ ਵਿਚ ਉਘੜਨ ਲੱਗ ਪਿਆ। ਇਨ੍ਹਾਂ ਗੱਲਾਂ ਨੂੰ ਮੈਂ ਪਛਾਣ ਦੇ ਮੁੱਦੇ ਰਾਹੀਂ ਸਮਝਣ ਲੱਗਾ। ਦਲਿਤ ਲੋਕਾਂ ਨੂੰ ਨਾ ਤਾਂ ਅੰਗਰੇਜ਼ਾਂ ਨੇ, ਨਾ ਹਿੰਦੂਆਂ ਨੇ, ਨਾ ਸਿੱਖਾਂ ਨੇ ਪਛਾਣ ਦਿੱਤੀ। ਇਨ੍ਹਾਂ ਗੱਲਾਂ ਨੂੰ ਮੈਂ ਕਹਾਣੀ ਵਿਚ ਉਭਾਰਨਾ ਚਾਹੁੰਦਾ ਸੀ। ਆਦਿ ਧਰਮ ਬਾਰੇ ਨਾਨੇ ਵੱਲੋਂ ਦੱਸੀਆਂ ਗੱਲਾਂ ਕਹਾਣੀ 'ਚ ਆਉਣ ਲੱਗ ਪਈਆਂ। ਇਸ ਪਾਤਰ ਨੂੰ ਮੈਂ ਆਪਣੀ ਦ੍ਰਿਸ਼ਟੀ ਰਾਹੀਂ ਉਭਾਰਿਆ। ਮੈਨੂੰ ਇਸ ਗੱਲ ਦੀ ਹੈਰਾਨੀ ਹੋ ਰਹੀ ਕਿ 'ਆਦੀ ਡੰਕਾ' ਕਹਾਣੀ ਵਿਚ ਇਕ ਵੀ ਇਸਤਰੀ ਪਾਤਰ ਕਿਉਂ ਨਹੀਂ ਆਇਆ। ਇਸ ਰਹੱਸ ਦੀ ਮੈਨੂੰ ਸਮਝ ਨਹੀਂ ਲੱਗੀ। ਦੁਆਬੇ ਦੇ ਦਲਿਤਾਂ ਵਿਚ ਰਵਿਦਾਸ ਦੇ ਚਿੰਤਨ ਦਾ ਬਹੁਤ ਪ੍ਰਭਾਵ ਹੈ। ਇਸ ਪ੍ਰਭਾਵ ਨੂੰ ਕੋਈ

ਨਹੀਂ ਤੋੜ ਸਕਿਆ। ਜਦੋਂ ਮੰਗੂ ਰਾਮ ਦੀ ਲਹਿਰ 'ਆਦਿ ਧਰਮ' ਚੱਲੀ ਤਾਂ ਉਸ ਲਹਿਰ ਨੇ ਇਸ ਚਿੰਤਨ ਦੀ ਜੜ੍ਹਾਂ ਹੋਰ ਗਹਿਰੀਆਂ ਕੀਤੀਆਂ। ਇਸੇ ਪ੍ਰਸੰਗ ਵਿਚ ਮੇਰੀ 'ਜੜ੍ਹਾਂ' ਕਹਾਣੀ ਦੇ ਸਰੋਤ ਵੀ ਲੱਭੇ ਜਾ ਸਕਦੇ ਹਨ। 'ਜੜ੍ਹਾਂ' ਕਹਾਣੀ ਦੇ ਮੁੱਖ ਪਾਤਰ ਨੂੰ ਮੈਂ ਬਹੁਤ ਨੇੜੇ ਤੋਂ ਜਾਣਦਾ ਹਾਂ। ਉਹ ਬੁੱਧ ਧਰਮ ਦਾ ਪ੍ਰਚਾਰਕ ਹੈ। ਵਿਦੇਸ਼ੀ ਪੈਸੇ ਨਾਲ ਪੰਜਾਬ ਵਿਚ ਬੋਧ ਵਿਹਾਰ ਦਾ ਨਿਰਮਾਣ ਕਰਵਾਉਂਦਾ ਹੈ, ਕਿਤਾਬਾਂ ਛਾਪਦਾ ਹੈ, ਆਦਿ ਧਰਮੀਆਂ ਨੂੰ ਬੋਧੀ ਬਣਨ ਲਈ ਸਕੂਲਿਗ ਕਰਦਾ ਹੈ। ਮੈਂ ਅਨੇਕਾਂ ਬੋਧ ਵਿਹਾਰਾਂ 'ਚ ਉਸ ਦੇ ਨਾਲ ਗਿਆ। ਪੰਜਾਬ ਵਿਚ ਵੀ ਅਤੇ ਪੰਜਾਬ ਤੋਂ ਬਾਹਰ ਵੀ। ਆਦਿ ਧਰਮੀ ਤੋਂ ਬੋਧੀ ਬਣੇ ਲੋਕਾਂ ਨੂੰ ਮੇਂ ਨੇੜੇ ਤੋਂ ਵੇਖਿਆ। ਉਨ੍ਹਾਂ ਨੂੰ ਸਮਝਣ ਲੱਗਾ। ਮੇਰੇ ਮਨ ਵਿਚ ਇਹ ਗੱਲ ਵਾਰ ਵਾਰ ਆਉਂਦੀ ਕਿ ਪੰਜਾਬ ਵਿਚ ਚਮਾਰ ਜਾਤੀ ਵਿਚ ਬੁੱਧ ਧਰਮ ਐਨੀ ਵੱਡੀ ਪੱਧਰ ਤੇ ਕਿਉਂ ਨਹੀਂ ਫੈਲਿਆ। ਅਤੇ ਹੋਰ ਛੋਟੀਆਂ ਜਾਤੀਆਂ ਵਿਚ ਬੁੱਧ ਧਰਮ ਕਿਉਂ ਨਹੀਂ ਫੈਲ ਰਿਹਾ। ਬੋਧੀ ਰਵਿਦਾਸ ਦੀ ਸੋਚ/ ਚਿੰਤਨ ਦੀਆਂ ਜੜ੍ਹਾਂ ਨੂੰ ਕਿਉਂ ਨਹੀਂ ਉਖਾੜ ਸਕੇ। ਮੈਂ ਅਸਲ ਪਾਤਰ ਵਿਚੋਂ ਕਹਾਣੀ ਦੇ ਪਾਤਰ 'ਭਿਕਸ਼ੂ ਗਿਆਨ ਰਤਨ' ਦੇ ਰੂਪ ਵਿਚ ਘੜਨ ਲੱਗ ਪਿਆ। ਮੇਰੇ ਮਨ ਵਿਚ ਇਹ ਗੱਲ ਵੀ ਪਰੇਸ਼ਾਨੀ ਪੈਦਾ ਕਰ ਰਹੀ ਸੀ ਕਿ ਪੰਜਾਬ ਦੇ ਨਵ-ਬੋਧੀ ਸਾਰੇ ਬ੍ਰਾਹਮਣਕ ਕਰਮ ਕਾਂਡ, ਰੀਤਾ, ਮੂਰਤੀ ਪੂਜਾ, ਆਦਿ ਕਿਵੇਂ ਕਰੀ ਜਾ ਰਹੇ ਸਨ। ਜਦ ਕਿ ਅੰਬੇਡਕਰ ਨੇ ਆਪਣੇ ਗ੍ਰੰਥ 'ਬੁਧਾਂ ਐਂਡ ਹਿਜ ਧੰਮਾਂ' ਵਿਚ ਬੋਧ ਧਰਮ ਨੂੰ ਬੜਾ ਵਿਗਿਆਨਿਕ ਤੇ ਇਨ੍ਹਾਂ ਕਰਮ ਕਾਂਡਾ ਤੋਂ ਰਹਿਤ ਧਰਮ ਦੱਸਿਆ ਹੈ। ਬੁੱਧ ਧਰਮ ਦੇ ਮੂਲ ਸਰੋਤ ਤਾਂ ਸਾਡੀ ਪਹੁੰਚ ਤੋਂ ਬਾਹਰ ਹਨ। ਜਾਂ ਧਰਮਾਨੰਦ ਕੌਸੰਭੀ ਦੀ ਬੁੱਧ ਧਰਮ ਬਾਰੇ ਪੁਸਤਕ ਹੈ। ਕਹਾਣੀ ਦਾ ਮੁੱਖ ਪਾਤਰ ਭਾਵੇਂ ਬੋਧੀ ਬਣ ਜਾਂਦਾ ਹੈ, ਬੁੱਧ ਧਰਮ ਦਾ ਪ੍ਰਚਾਰ ਕਰਦਾ ਹੈ ਪਰ ਉਹਦੇ ਅਚੇਤ ਮਨ ਵਿਚ ਕਿਤੇ ਨਾ ਕਿਤੇ ਰਵਿਦਾਸ ਦਾ ਚਿੰਤਨ ਪਿਆ ਹੈ। ਭਾਵ ਕਿ ਬੰਦਾ ਆਪਣੀਆਂ ਜੜ੍ਹਾਂ ਨਾਲੋਂ ਟੁੱਟਦਾ ਨਹੀਂ। ਮੈਂ ਇਨ੍ਹਾਂ ਗੱਲਾਂ ਕਰਕੇ ਹੀ ਦਲਿਤ ਲੋਕਾਂ ਦੇ ਸਮਾਜਿਕ, ਧਾਰਮਿਕ ਪਸਾਰਾਂ ਨੂੰ ਕਹਾਣੀ ਵਿਚ ਲੈ ਕੇ ਆਇਆ। ਮੈਂ ਇਨ੍ਹਾਂ ਗੱਲਾਂ ਕਹਾਣੀ ਵਿਚ ਫੋਕਸ ਕਰਕੇ ਸੰਵਾਦ ਤੋਰਨਾ ਚਾਹੁੰਦਾ ਸੀ।

ਕਹਾਣੀ 'ਰਹਿਮਤ ਮਸੀਹ ਮੱਟੂ ਦੀ ਜੀਵਨੀ' ਦੇ ਪਾਤਰ ਨੂੰ ਜਦੋਂ ਮੈਂ ਪਹਿਲੀ ਵਾਰ ਮਿਲਿਆ ਸੀ ਤਾਂ ਮੈਨੂੰ ਉਹ ਪਾਤਰ ਬੜਾ ਅਜੀਬ ਜਿਹਾ ਲੱਗਾ। ਇਕ ਦਿਨ ਜਦੋਂ ਮੈਂ ਘਰ ਆਇਆ ਤਾਂ ਉਹ ਬੈਠਾ ਹੋਇਆ ਸੀ। ਸਪਾਰੀ ਸੂਟ, ਸਰੋਂ ਦੇ ਤੇਲ ਨਾਲ ਚੋਪੜਿਆ ਹੋਇਆ ਬੋਦਾ ਤੇ ਕਾਲਾ ਰੰਗ। ਮੇਰੀ ਪਤਨੀ ਦੇ ਸਕੂਲ ਵਿਚ ਉਹ ਮਾਸਟਰ ਲੱਗਾ ਹੋਇਆ ਸੀ।

".... ਤੁਸੀਂ ਤਾਂ ਰਸੂਲਪੁਰੀ ਸਾਹਿਬ ਬੜੇ ਵੱਡੇ ਲਿਖਾਰੀ ਪੱਤਰਕਾਰ ਹੋ... ਮੇਰੇ ਬਾਰੇ ਵੀ ਅਖ਼ਬਾਰਾਂ ਵਿਚ ਲਿਖੋ... ਮੈਂ ਪੱਚੀ ਸਾਲਾਂ ਤੋਂ ਵਾਲਮੀਕੀ ਬਰਾਦਰੀ ਦੀਆਂ ਜੱਥੇਬੰਦੀਆਂ ਵਿਚ ਕੰਮ ਕਰ ਰਿਹਾ ਹਾਂ। " ਫਿਰ ਉਹ ਮੈਨੂੰ ਜੇਬ ਵਿਚੋਂ ਆਪਣਾ ਕਾਰਡ ਦੇਣ ਲੱਗ ਪਿਆ। ਜਿਹੜਾ ਉਹਦੀਆਂ ਪ੍ਰਾਪਤੀਆਂ ਨਾਲ ਭਰਿਆ ਪਿਆ ਸੀ। ਮੈਨੂੰ ਉਹ ਬੰਦਾ ਬੜਾ ਬੋਰ ਜਿਹਾ ਲੱਗਾ। ਮੇਰਾ ਮਨ ਉਸ ਕੋਲੋਂ ਦੂਰ ਹੋਣ ਨੂੰ ਕਾਹਲਾ ਪੈਣ ਲੱਗ ਪਿਆ। ਮਨ ਉਸ ਕੋਲੋਂ ਖਹਿੜਾ ਛਡਾਉਣ ਨੂੰ ਕਰੇ ਪਰ ਉਹ ਲਸੂੜੀ ਵਾਂਗ ਮੇਰੇ ਨਾਲ ਚੁੰਬੜੀ ਜਾਵੇ। ਉਹਦੇ ਮਨ ਵਿਚ ਮੇਰੇ ਪ੍ਰਤੀ ਬੜਾ ਸਤਿਕਾਰ ਸੀ। ਮੇਰੇ ਤੋਂ ਵੱਡੀ ਉਮਰ ਦਾ ਸੀ। ਮੈਨੂੰ ਜੀ ਜੀ ਕਹਿ ਕੇ ਬੋਲੇ। ਮੇਰੀ ਕਹਾਣੀ ਦਾ ਪਾਤਰ ਇਹ ਹੀ ਮਾਸਟਰ ਸੀ। ਇਕ ਵਾਰ ਉਹ ਸ਼ਾਮ ਜਿਹੀ ਨੂੰ ਮੇਰੇ ਦਫ਼ਤਰ ਆ ਗਿਆ। ਸਾਇਦ ਉਹਦੀ ਪੀਤੀ ਹੋਈ ਸੀ। ਆਪਣੀ ਬਰਾਦਰੀ ਦੀ ਕਿਸੇ ਸੰਸਥਾ ਦੀ ਮੀਟਿੰਗ ਤੋਂ ਆਇਆ ਸੀ। ਮੇਰੇ ਕੋਲ ਆ ਕੇ ਗੱਲਾਂ ਕਰਨ ਲੱਗ ਪਿਆ। ਆਪਣੀ ਬਰਾਦਰੀ ਦੀਆਂ... ਫਿਰ ਉਹ ਆਪਣੇ ਬਾਰੇ ਦੱਸਣ ਲੱਗ ਪਿਆ... ਦੇਖੋ ਜੀ ਅਸੀਂ ਬੜੀ ਗਰੀਬੀ ਵਿਚ ਪੜ੍ਹੇ ਹਾਂ... ਲੋਕਾਂ ਦੀ ਜੂਠ ਖਾ ਖਾ ਕੇ ਗੁਜਾਰਾ ਕਰਦੇ ਸੀ। ਮੇਰੇ ਬਾਪ ਨੇ ਸਾਰੀ ਉਮਰ ਸਿਰ ਦੇ ਗੰਦ ਚੁੱਕਿਆ। ਮੈਂ ਉਦੋਂ ਨਿੱਕਾ ਜਿਹਾ ਨਿਆਣਾ ਸਾਂ... ਮੈਂ ਮਰੂੰਡਾ ਖਾਣ ਦੀ ਜਿੱਦ ਕਰਨ ਲੱਗਾ। ਮੇਰਾ ਬਾਪ 'ਰੋੜਿਆਂ' ਦੀ ਹੱਟੀਓ ਮਰੂਡਾ ਲੈਣ ਚਲੇ ਗਿਆ। ਹੱਟੀ ਬੈਠੀ 'ਰੋੜਿਆ' ਦੀ ਬੁੜੀ ਨੂੰ ਮੇਰਾ ਬਾਪ ਜਦੋਂ ਪੈਸੇ ਦੇਣ ਲੱਗਾ ਤਾਂ ਬੁੜੀ ਨੇ ਇਹ ਕਹਿ ਕੇ ਉਹਨੂੰ ਪਰੇ ਕਰ ਦਿੱਤਾ ਕਿ ਮੈਂ ਨਹੀਂ ਫੜਨੇ ਪੈਸੇ, ਤੇਰੇ ਹੱਥਾਂ 'ਚੋਂ ਗੰਦ ਦਾ ਮੁਸ਼ਕ ਆਉਂਦਾ।' ਪਰ ਮੈਨੂੰ ਤਾਂ ਮਰੂਡਾ ਚਾਹੀਦਾ ਸੀ ਮੈਂ ਉਥੇ ਹੀ ਮਿੱਟੀ ਵਿਚ ਲਿੱਟ ਗਿਆ। ਮੇਰਾ ਬਾਪ ਮੈਨੂੰ ਨਾਲੇ ਕੁੱਟੀ ਜਾ ਰਿਹਾ ਸੀ ਨਾਲੇ ਕਹੀ ਜਾ ਰਿਹਾ ਸੀ ਮਾਂ ਜਾਵਿਆ ਮੈਂ ਕਿੱਥੋਂ ਲੈ ਦੇਵਾ ਤੈਨੂੰ ਮਰੂਡਾ ਉਹ ਲਾਲੀ ਕਹਿੰਦੀ ਤੇਰੇ ਹੱਥਾਂ 'ਚੋਂ ਗੰਦ ਦਾ ਮੁਸ਼ਕ

ਆਉਂਦਾ। ...ਉਸ ਵੇਲੇ ਮੇਰੇ ਬਾਪ ਦੀਆਂ ਅੱਖਾਂ ਵਿਚੋਂ ਅੱਥਰੂ ਡਿੱਗ ਰਹੇ ਸਨ। ਕਾਕਾ ਉਹ ਅੱਥਰੂ ਮੇਰੀ ਛਾਤੀ 'ਤੇ ਜੰਮੇ ਹੋਏ ਨੇ। .... ਫਿਰ ਮੇਰੇ ਬਾਪ ਨੇ ਲਾਲੀ ਦਾ ਮਿਹਣਾ ਧੋਣ ਲਈ ਇਸਾਈ ਧਰਮ ਵੱਲ ਵੱਧਣਾ ਸ਼ੁਰੂ ਕਰ ਦਿੱਤਾ ਸੀ। ਸੋਚਦਾ ਹੋਵੇਗਾ ਮੇਰੀ ਔਲਾਦ ਨੂੰ ਟਕੇ ਦਾ ਬੰਦਾ ਜਾਤ ਦੱਸ ਕੇ ਮਿੱਟੀ ਨਾ ਕਰੇ। ਪਰ ਕਾਕਾ ਅਸੀਂ ਚੂਹੜੇ ਉਥੇ ਦੇ ਉਥੇ ਹੀ ਖੜੇ ਹਾਂ ..." ਕਹਿੰਦਾ ਹੋਇਆ ਮੇਰੀ ਕਹਾਣੀ ਦਾ ਪਾਤਰ ਅੱਥਰੂ ਸੁੱਟਣ ਲੱਗ ਪਿਆ ਸੀ। ਫਿਰ ਇਸ ਪਾਤਰ ਪ੍ਰਤੀ ਮੇਰੇ ਮਨ ਵਿਚ ਪਿਆਰ ਉਤਪਨ ਹੋਣ ਲੱਗ ਪਿਆ। ਕਿਉਂਕਿ ਉਸ ਵੇਲੇ ਮੈਂ ਆਮ ਆਦਮੀ ਤੋਂ ਕਹਾਣੀਕਾਰ ਬਣ ਕੇ ਉਹਦੇ ਨਾਲ ਵਿਚਰਨ ਲੱਗ ਪਿਆ ਸੀ। ਮੇਰੇ ਅੰਦਰ ਉਸ ਦਾ ਰੂਪ ਬਦਲਣ ਲੱਗਾ ਪਿਆ। ਮੇਰੇ ਮਨ ਵਿਚ ਉਸ ਪਾਤਰ ਪ੍ਰਤੀ ਜਾਨਣ ਦੀ ਲਾਲਸਾ ਉਤਪਨ ਹੋਣ ਲੱਗ ਪਈ। ਹਰ ਵੇਲੇ ਮੇਰੇ ਕੋਲੋਂ ਕਹਾਣੀਕਾਰ ਬਣਿਆ ਹੀ ਨਹੀਂ ਜਾਂਦਾ। ਮੈਂ ਆਪ ਬੰਦਿਆਂ ਵਾਂਗ ਵਰਤਾਓ ਕਰਦਾ ਹਾਂ।

ਮੈਂ ਹੁਣ ਸੋਚਦਾ ਹਾਂ ਇਹ ਪ੍ਰਸੰਗ ਕਹਾਣੀ ਵਿਚ ਕਿਓ ਨਹੀਂ ਆਇਆ। ਹੈਰਾਨੀ ਹੋ ਰਹੀ ਹੈ ਮੈਨੂੰ। ਉਸ ਪਾਤਰ ਦੇ ਬਹੁਤ ਪ੍ਰਸੰਗ ਕਹਾਣੀ ਵਿਚ ਨਹੀਂ ਆਏ। ਕਿਓ ਨਹੀਂ ਆਏ? ਇਹ ਮੈਨੂੰ ਵੀ ਪਤਾ ਨਹੀਂ। ਹੁਣ ਜਦੋਂ ਮੈਂ ਇਸ ਕਹਾਣੀ ਦੀ ਸਿਰਜਣ ਪ੍ਰਕਿਰਿਆ ਬਾਰੇ ਸੋਚਣ ਲੱਗਾ ਹਾਂ ਤਾਂ ਮੇਰੇ ਮਨ ਵਿਚ ਇਸ ਪਾਤਰ ਦੀ ਇਕ ਹੋਰ ਕਹਾਣੀ ਬਣਨ ਲੱਗ ਪਈ ਹੈ।

ਮੈਂ ਅਕਸਰ ਹੀ ਇਸ ਪਾਤਰ ਬਾਰੇ ਆਪਣੀ ਪਤਨੀ ਨੂੰ ਪੁੱਛਦਾ, ਉਹ ਮਾਸਟਰ ਨਾਲ ਜੁੜੇ ਪ੍ਰਸੰਗ ਬੜੇ ਬਰੀਕੀ ਨਾਲ ਦੱਸਦੀ। ਨਿੱਤ ਨਵੀਂ ਗੱਲ, ਨਵੀਂ ਘਟਨਾ ਤੇ ਮੇਰੇ ਮਨ ਵਿਚ ਇਸ ਪਾਤਰ ਦੀ ਸ਼ਕਲ ਦਿਨੋਂ-ਦਿਨ ਬਦਲਦੀ ਜਾਂਦੀ। ਮੈਂ ਉਸ ਪਾਤਰ ਦੇ ਹੋਰ ਨੇੜੇ ਆਉਂਦਾ ਗਿਆ। ਉਹਦਾ ਦਰਦ ਮੈਨੂੰ ਆਪਣਾ ਦਰਦ ਲੱਗਣ ਲੱਗ ਪਿਆ।

ਫਿਰ ਮੈਂ 'ਭੰਗੀਆਂ' ਦੀ ਬਸਤੀ ਵਿਚ ਚੱਕਰ ਕੱਟਣ ਲੱਗਾ ਪਿਆ। ਉਸ ਦੇ ਪਿੰਡ ਕਈ ਵਾਰ ਗਿਆ। ਇਸ ਕਹਾਣੀ ਵਿਚ ਉਸ ਦੇ ਉਪ-ਜਾਤੀ ਦਾ ਪਾਤਰ ਆਉਂਦਾ ਹੈ ਜਿਹੜਾ ਕਿ ਉਸੇ ਸਕੂਲ ਵਿਚ ਚਪੜਾਸੀ ਹੈ। ਜਦੋਂ ਮੈਂ ਉਹਨੂੰ ਮਿਲਿਆ ਇਸ ਮਾਸਟਰ ਬਾਰੇ ਉਹ ਵੱਖਰੀ ਤਰ੍ਹਾਂ ਦੀਆਂ ਗੱਲਾਂ ਕਰਨ ਲੱਗਾ। ਮੇਰੇ ਮਨ ਵਿਚ ਉਸ ਪਾਤਰ ਦੀ ਸ਼ਕਲ ਬਦਲਣ ਲੱਗ ਪਈ।

ਇਸ ਕਹਾਣੀ ਦਾ ਪਾਤਰ 'ਮੱਟੂ' ਅਸਲ ਜ਼ਿੰਦਗੀ ਵਿਚ ਇਸ ਤਰ੍ਹਾਂ ਦਾ ਨਹੀਂ ਹੈ। ਮੈਂ ਜਦੋਂ ਕਹਾਣੀ ਲਿਖੀ ਸੀ ਤਾਂ ਮੱਟੂ ਦਾ 40 ਕੁ ਪ੍ਰਤੀਸ਼ਤ ਹੀ ਕਹਾਣੀ ਵਿਚ ਆਇਆ ਸੀ ਬਾਕੀ ਕਹਾਣੀ ਮੇਰੇ ਮਨ ਅੰਦਰੋਂ ਉਪਜੀ ਹੈ। ਦਰਅਸਲ ਜਦੋਂ ਇਸ ਪਾਤਰ ਦੀ ਕਹਾਣੀ ਮੇਰੇ ਮਨ ਵਿਚ ਜੁੜ ਰਹੀ ਸੀ। ਉਨ੍ਹਾਂ ਦਿਨ੍ਹਾਂ ਵਿਚ ਮੈਂ ਐਡਵੋਕੇਟ ਭਗਵਾਨ ਦਾਸ ਜੀ ਚਰਚਿਤ ਪੁਸਤਕ 'ਮੈਂ ਭੰਗੀ ਹਾਂ' ਦਾ ਪੰਜਾਬੀ ਅਨੁਵਾਦ ਕਰ ਰਿਹਾ ਸੀ। ਇਸ ਕਹਾਣੀ ਦਾ ਪਾਤਰ ਜਿਹੜੀ ਕਿ ਭੰਗੀ ਜਾਤੀ ਨਾਲ ਸੰਬੰਧ ਰੱਖਦਾ ਹੈ ਨੂੰ ਘੜਨ ਅਤੇ ਸਿਰਜਣ ਵਿਚ ਮੈਨੂੰ 'ਮੈਂ ਭੰਗੀ ਹਾਂ' ਨੇ ਬਹੁਤ ਸੇਧ ਦਿੱਤੀ। ਮੇਰੇ ਮਨ ਵਿਚ ਇਕ ਦ੍ਰਿਸ਼ਟੀ ਬਣੀ ਇਹ ਦ੍ਰਿਸ਼ਟੀ ਹੀ ਮੈਂ ਇਸ ਕਹਾਣੀ ਵਿਚ ਪੇਸ਼ ਕੀਤੀ ਹੈ। ਇਹ ਦ੍ਰਿਸ਼ਟੀ ਬਾਰੇ ਮੈਂ ਜਾਣ ਬੁਝ ਕੇ ਨਹੀਂ ਦੱਸ ਰਿਹਾ ਇਸ ਨੂੰ ਪਾਠਕਾਂ ਨੇ ਲੱਭਣਾ ਹੈ। ਜਦੋਂ ਕਹਾਣੀ ਮੇਰੇ ਮਨ ਵਿਚ ਚਲ ਰਹੀ ਸੀ ਮੈਂ ਇਸ ਪਾਤਰ ਨੂੰ ਮਿਲਣ ਜਾਣ ਲੱਗਾ। ਉਹ ਮੈਨੂੰ ਆਪਣੀ ਬਰਾਦਰੀ ਬਾਰੇ ਗੱਲਾਂ ਦੱਸਦਾ, "ਸਾਨੂੰ ਤੁਹਾਡੀ ਜਾਤ ਵਾਲੇ ਚਮਾਰ ਵੀ ਨਫ਼ਰਤ ਕਰਦੇ ਨੇ। ਉੱਚ ਜਾਤੀ ਵਾਲਿਆ ਦੀ ਗੱਲ ਤਾਂ ਛੱਡੋ ਅਸੀਂ ਤਾਂ ਚਮਾਰਾ ਤੋਂ ਵੀ ਥੱਲੇ ਆ! ਸਾਡੀ ਕੌਮ ਦੇ ਮਨਾਂ ਵਿਚ ਬਹੁਤ ਜਾਤੀ ਕੰਪਲੈਸਕ ਆ।" ਫਿਰ ਉਹ ਆਪਣੇ ਸਕੂਲ ਬਾਰੇ ਗੱਲਾਂ ਕਰਨ ਲੱਗ ਪੈਂਦਾ। ਸਕੂਲ ਵਿਚ ਉਸ ਨਾਲ ਕਿਵੇਂ ਵਿਹਾਰ ਕੀਤਾ ਜਾਂਦਾ ਹੈ। ਸਕੂਲ ਵਿਚ 'ਭੰਗੀ' ਜਾਤ ਦਾ ਹੋਣ ਕਰਕੇ ਜਿਹੜਾ ਸੰਤਾਪ ਉਸ ਨੇ ਭੋਗਿਆ ਮੈਨੂੰ ਦੱਸਣ ਲੱਗ ਪੈਂਦਾ। ਫਿਰ ਉਹਦੀਆਂ ਅੱਖਾਂ ਨਮ ਹੋ ਜਾਂਦੀਆਂ ਕਿਨਾਂ ਚਿਰ ਬੋਲਦਾ ਹੀ ਨਾ। ਮੈਂ ਉਹਦੇ ਵੱਲ ਦੇਖ ਕੇ ਹੈਰਾਨ ਹੋ ਜਾਂਦਾ। ਮੇਰੇ ਸਾਹਮਣੇ ਸਟੇਜਾਂ ਤੇ ਬੋਲਦਾ, ਆਪਣੀ ਬਰਾਦਰੀ ਲਈ ਠਾਣੇ-ਕਚਿਹਰੀ ਲੜਦਾ ਉਹਦਾ ਰੂਪ ਆ ਜਾਂਦਾ। ਮੇਰੇ ਮਨ ਵਿਚ ਉਸਦਾ ਕੱਦ ਬਹੁਤ ਵੱਡਾ ਹੋ ਜਾਂਦਾ। ਇਸ ਕਹਾਣੀ ਵਿਚ ਕਾਸਟ ਕਨਵਰਸ਼ਨ ਦੀ ਗੱਲ ਵੀ ਉਭਰਦੀ ਹੈ। ਇਸ ਜਾਤੀ ਵਿਚ ਕਾਸਟ ਕਨਵਰਸ਼ਨ ਚਾਹੇ ਉਹ ਇਸਾਈ ਵੱਲ ਜਾਂ ਮਾਜਬੀ ਸਿੱਖੀ ਵੱਲ ਹੋਈ ਹੋਵੇ, ਬਹੁਤ ਵੱਡੀ ਪੱਧਰ ਤੇ ਹੋਈ ਹੈ। ਮੈਂ ਇਸ ਤੇ ਵੀ ਤਰਕ ਨਾਲ ਸੱਟ ਮਾਰੀ ਹੈ। ਕਾਸਟ ਕਨਵਰਸ਼ਨ ਦਾ ਮੁੱਦਾ ਕਹਾਣੀ ਦੇ

ਸਿਰਲੇਖ 'ਰਹਿਮਤ ਮਸੀਹ ਮੱਟੂ ਦੀ ਜੀਵਨੀ' ਵਿਚ ਵੀ ਪਿਆ ਹੋਇਆ ਹੈ। ਕਹਾਣੀ ਦਾ ਸਿਰਲੇਖ ਬਹੁਤ ਕੁਝ ਭੰਗੀ ਬਰਾਦਰੀ ਬਾਰੇ ਕਹਿੰਦਾ ਹੈ। ਮੈਂ ਏਥੇ ਸੁਚੇਤ ਹੋ ਕੇ ਵਾਲਮੀਕਿ ਸ਼ਬਦ ਨਹੀਂ ਵਰਤ ਰਿਹਾ।

'ਲੰਘ ਚੱਲੀ' ਕਹਾਣੀ ਦੀ ਬਜ਼ੁਰਗ 'ਮੈਂ" ਪਾਤਰ ਨੂੰ ਮੈਂ ਨਾਨੀ ਵਿਚੋਂ ਪੈਦਾ ਕੀਤਾ। ਨਾਨੀ ਦੇ ਵੱਖ ਵੱਖ ਰੂਪ ਮੇਰੀਆਂ ਪਹਿਲੀਆਂ ਕਹਾਣੀਆਂ ਵਿਚ ਵੀ ਆਉਂਦੇ ਰਹੇ ਹਨ। ਚਾਹੇ ਉਹ 'ਕਸੂਰਵਾਰ' ਹੋਵੇ , ਚਾਹੇ 'ਪਰਛਾਵੇਂ' ਦੀ ਕਰਮੀ, ਚਾਹੇ 'ਪਿੰਜਰ' ਕਹਾਣੀ ਦੀ ਤ੍ਰਲੋਕੇ ਦੀ ਮਾਂ ਇਨ੍ਹਾਂ ਪਾਤਰਾਂ ਨੂੰ ਮੈਂ ਨਾਨੀ ਵਿਚੋਂ ਲੰਘਾ ਕੇ ਘੜਿਆ। ਪ੍ਰੰਤੂ 'ਲੰਘ ਚੱਲੀ' ਕਹਾਣੀ ਵਿਚ ਨਾਨੀ ਦੇ ਸੁਭਾ ਨੂੰ ਉਹਦੇ ਲੋਕਾਂ ਪ੍ਰਤੀ ਵਿਹਾਰ ਨੂੰ , ਪਰਿਵਾਰ ਦੇ ਦੁਖਾਂਤ ਨੂੰ ਇਸ ਕਹਾਣੀ ਵਿਚ ਮੈਂ ਬੜੀ ਬਰੀਕੀ ਨਾਲ ਚਿਤਰਿਆ। ਜਦੋਂ ਵੀ ਕਿਸੇ ਬਜ਼ੁਰਗ ਔਰਤ ਨੂੰ ਕਿਸੇ ਕਹਾਣੀ ਵਿਚ ਪੇਸ਼ ਕਰਨਾ ਹੋਵੇ ਤਾਂ ਮੈਂ ਆਪਣੀ ਨਾਨੀ ਵਿਚੋਂ ਉਹ ਪਾਤਰ ਕੱਢਦਾ ਹਾਂ।

'ਗੰਧ' ਕਹਾਣੀ ਸਾਡੇ ਗੁਵਾਂਢ ਵਿਚ ਘਟਦੀ ਹੈ। ਇਕ ਮੁੰਡਾ ਵਿਦੇਸ਼ ਪੱਕਾ ਹੋਣ ਲਈ ਕਿਵੇਂ ਪਾਪੜ ਵੇਲਦਾ ਹੈ, ਇਹ ਗੱਲਾਂ ਤਾਂ ਆਮ ਹਨ। ਮੈਂ ਉਸ ਔਰਤ ਬਾਰੇ ਸੋਚਣ ਲੱਗ ਪਿਆ ਜੋ ਆਪਣੀ ਪਤੀ ਤੋਂ ਤਲਾਕ ਲੈ ਕੇ ਵੀ ਸਹੁਰੇ ਘਰ ਰਹਿੰਦੀ ਹੈ। ਜਦੋਂ ਗੋਰੀ ਉਸ ਨਾਲ ਵਿਆਹ ਕਰਵਾਉਣ ਉਹਦੇ ਘਰ ਵਿਚ ਆਉਂਦੀ ਹੈ ਤਾਂ ਪੇਕੀ ਬੈਠੀ ਉਹ ਕਿਵੇਂ ਆਪਣੇ ਪਤੀ ਬਾਰੇ ਤੇ ਉਸ ਗੋਰੀ ਦੇ ਸੰਬੰਧਾਂ ਬਾਰੇ ਸੋਚਦੀ ਹੈ। ਉਸ ਦੀ ਮਾਨਸਿਕ ਟੁੱਟ ਭੱਜ ਨੂੰ ਮੈਂ ਆਪਣੀ ਕਹਾਣੀ ਵਿਚ ਲੈ ਕੇ ਆਇਆ।

'ਕਿੱਥੇ ਗਈ ਹਮੀਦਾ?' ਕਹਾਣੀ ਮੇਰੇ ਦਿਮਾਗ ਵਿਚ ਕਈ ਸਾਲਾਂ ਤੋਂ ਬਣ ਰਹੀ ਸੀ। ਜਦੋਂ ਪੰਜਾਬ ਹਲਾਤ ਖਰਾਬ ਸਨ। ਮੇਰੀ ਮਾਸੀ ਦੇ ਪਿੰਡ ਕੋਟ ਸਦੀਕ ਇਕ ਵਪਾਰੀ ਦਾ ਕਤਲ ਹੋਇਆ। ਮੈਂ ਉਸ ਨੂੰ ਨੇੜੇ ਤੋਂ ਦੇਖਿਆ। ਇਸ ਦਾ ਕੁੱਝ ਹਿੱਸਾ ਉਦੋਂ ਲਿਖਿਆ। ਫਿਰ ਰੱਖ ਦਿੱਤਾ ਮੇਰੇ ਕੋਲੋਂ ਇਹ ਕਹਾਣੀ ਪੂਰੀ ਨਾ ਹੋ ਸਕੀ। ਫਿਰ ਜਦੋਂ ਮੈਂ ਪਾਕਿਸਤਾਨ ਤੋਂ ਉਜੜ ਕੇ ਆਏ ਲੋਕਾਂ ਨਾਲ ਪੱਤਰਕਾਰੀ ਦੇ ਮਕਸਦ ਨਾਲ ਮੁਲਾਕਾਤਾਂ ਕਰਨ ਲੱਗਾਂ ਤਾਂ ਇਸ ਕਹਾਣੀ ਦੀ ਸ਼ਕਲ ਹੋਰ ਬਣਨ ਲੱਗ ਪਈ। ਮੈਂ ਕਹਾਣੀ ਦਾ ਪਲਾਟ ਜਲੰਧਰ ਤੋਂ ਪੁੱਟ ਕੇ ਨਵਾਂ ਸ਼ਹਿਰ ਦੇ ਇਕ ਪਿੰਡ ਬੈਰਸ਼ੀਆਂ ਲੈ ਗਿਆ। ਉਥੋਂ ਫਿਰ ਕੈਨੇਡਾ ਵਿਚ। ਕਹਾਣੀ ਲੰਮੇ ਸਮੇਂ ਨੂੰ ਆਪਣੇ ਵਿਚ ਸਮੇਟਦੀ ਹੈ। ਦੇਸ਼ ਵੰਡ ਤੋਂ ਪਹਿਲਾਂ ਤੋਂ ਲੈ ਕੇ ਹੁਣ ਤੱਕ। ਕਹਾਣੀ ਰਾਹੀ ਮੈਂ ਹਿੰਦੂ, ਸਿੱਖ, ਮੁਸਲਮਾਨ ਦੀ ਸਾਂਝ ਦੇ ਰਿਸ਼ਤੇ ਨੂੰ ਲੈ ਕੇ ਆਇਆ। ਮੇਰੇ ਮਨ ਵਿਚ ਇਹ ਗੰਢ ਬੱਝੀ ਹੋਈ ਸੀ ਕਿ ਆਖਰ ਉਹ ਕਿਹੜੀ ਚੀਜ ਹੈ ਜਿਹੜੀ ਸਾਡੇ ਵਿਚ ਸਾਂਝ ਪੈਦਾ ਕਰਦੀ ਹੈ। ਇਸ ਕਹਾਣੀ ਦੇ ਪਾਤਰ ਆਪ ਮੁਹਾਰੇ ਕਹਾਣੀ ਵਿਚ ਆਏ ਤੇ ਆਪਣਾ ਰੋਲ ਅਦਾ ਕਰਕੇ ਇਕ ਪਾਸੇ ਹੋ ਗਏ। ਮੇਰੇ ਕਾਬੂ ਵਿਚ ਇਸ ਕਹਾਣੀ ਦੇ ਪਾਤਰ ਨਹੀਂ ਆਏ। ਇਹਨੂੰ ਮੈਂ ਰਹੱਸ ਵੀ ਕਹਿ ਸਕਦਾ ਹਾਂ।

'ਡਾਕੂਮੈਂਟਰੀ' ਕਹਾਣੀ ਦਾ ਪਾਤਰ ਮੈਂ ਆਪਣੀ ਮਾਸੀ 'ਸੱਤਿਆ' ਤੋਂ ਲਿਆ। ਇਸ ਮਾਸੀ ਨੂੰ ਉਸ ਦੇ ਪਤੀ, ਪੁੱਤਰ ਨੇ ਛੱਡ ਕੇ ਆਪਣੇ ਭਰਾਵਾਂ ਕੋਲ ਬਿਠਾ ਦਿੱਤਾ। ਪਰ ਉਹ ਅਜੇ ਵੀ ਆਪਣੇ ਮੁੰਡੇ ਨਾਲ ਜੁੜੀ ਹੋਈ ਸੀ। ਇਸ ਸਾਰੇ ਕੁਝ ਨੂੰ 'ਕਰਮਾ ਦੀ ਮਾਰ' ਸਮਝਦੀ ਹੈ। 'ਢਿੱਡ ਦੀ ਆਂਦਰ' ਕਿਵੇਂ ਮਾਂ ਪੁੱਤ ਦੇ ਰਿਸ਼ਤੇ ਨੂੰ ਜੋੜੀ ਰੱਖਦੀ ਹੈ। ਇਹ ਗੱਲ ਕਹਾਣੀ ਦੇ ਪਾਤਰ ਚੋਂ ਉਭਰਦੀ ਹੈ। ਉਪਰੋਕਤ ਸਾਰੀਆਂ ਕਹਾਣੀਆਂ ਮੇਰੇ ਨਵੇਂ ਕਹਾਣੀ ਸੰਗ੍ਰਹਿ 'ਮਰਨ ਰੁੱਤ' ਵਿਚ ਆਈਆਂ ਹਨ।

ਮੇਰੇ ਕੋਲ ਤਿੰਨ ਚਾਰ ਵੱਡੇ ਪਾਤਰ ਹਨ ਜਿਨ੍ਹਾਂ ਵਿਚ ਮੇਰੀ ਹਰ ਕਹਾਣੀ ਦੇ ਪਾਤਰ ਲੰਘ ਕੇ ਜਾਂਦੇ ਹਨ। ਇਕ ਮੇਰਾ ਨਾਨਾ ਜੀ ਹਨ, ਦੂਜਾ ਮੇਰੀ ਨਾਨੀ ਹੈ, ਤੀਜਾ ਮੇਰਾ ਮਾਂ ਤੇ ਚੌਥਾ ਮੇਰਾ ਬਾਪ। ਪਾਗਲ ਦੇ ਪਾਤਰ ਮੈਂ ਆਪਣੇ ਭਰਾ 'ਪੈਂਕੀ' ਤੇ ਮਾਮਾ ਰਾਮ ਰਤਨ ਵਿਚੋਂ ਘੜਦਾ ਹਾਂ। ਮੈਨੂੰ ਖੁਦ ਇਲਮ ਨਹੀਂ ਕਿ ਇਨ੍ਹਾਂ ਪਾਤਰਾਂ ਦੇ ਅਜੇ ਕਿੰਨੇ ਰੂਪ ਅਣਲਿਖੇ ਪਏ ਹਨ। ਮੈਨੂੰ ਇਸ ਗੱਲ ਦੀ ਹੈਰਾਨੀ ਹੁੰਦੀ ਹੈ ਮੈਂ ਆਪਣੀ ਪਤਨੀ ਵਿਚੋਂ ਕੋਈ ਇਸਤਰੀ ਪਾਤਰ ਕਿਉਂ ਨਹੀਂ ਕੱਢ ਸਕਿਆ। ਕਿਸੇ ਕਹਾਣੀ ਵਿਚ ਪਤੀ ਪਤਨੀ ਦੀ ਆਪਸੀ ਕੰਟਾਡੰਕਸਨ ਕਿਉਂ ਨਹੀਂ ਆਈ।

ਜਦੋਂ ਵੀ ਮੇਰੀ ਨਵੀਂ ਕਿਤਾਬ ਆਉਂਦੀ ਹੈ ਤਾਂ ਮੇਰੀਆਂ ਕਹਾਣੀਆਂ ਦੀ ਸ਼ਕਲ ਬਦਲ ਜਾਂਦੀ ਹੈ। 'ਚਾਨਣ ਦੀ ਲੀਕ' ਦੀਆਂ ਛੇ ਕਹਾਣੀਆਂ ਵਿਚ ਮੈਂ ਪਿੰਡਾਂ ਦੇ ਦਲਿਤ ਲੋਕਾਂ ਦੀ ਜ਼ਿੰਦਗੀ ਦੇ ਪ੍ਰਮਾਣਿਕ ਦ੍ਰਿਸ਼ ਅਚੇਤ ਤੌਰ ਤੇ ਚਿਤਰੇ ਗਏ ਸਨ। ਫਿਰ ਜਦੋਂ ਦੂਜੀ ਕਿਤਾਬ 'ਮੈਂ ਸ਼ੈਤਾਨ ਤੇ ਇੰਦੂਮਣੀ' ਆਈ ਤਾਂ ਮੇਰੇ ਪਾਤਰ ਅੰਤਰਮੁਖੀ ਹੋ ਗਏ। ਪਾਤਰਾਂ ਦੀ ਐਬਨਾਰਮੈਲਿਟੀ ਨੂੰ ਚਿਤਰਨ ਵਾਲੀਆਂ ਕਹਾਣੀਆਂ ਸਿਰਜ ਹੋਈਆਂ। ਇਸ ਕਹਾਣੀ ਦੇ ਵਧੇਰੇ

ਪਾਤਰ ਮਨੋਰੋਗੀ ਹਨ। ਇਸ ਐਬਨਾਰਮੈਲਿਟੀ ਦੇ ਪਿਛੋ ਜੋ ਵਰਤਾਰੇ ਕਾਰਜ ਕਰ ਰਹੇ ਹਨ ਉਨ੍ਹਾਂ ਨੂੰ ਮੈਂ ਆਪਣੀ ਦ੍ਰਿਸ਼ਟੀ ਰਾਹੀ ਪੇਸ਼ ਕੀਤਾ। ਅਰਧ ਨਾਰੀ ਸਟੇਰ ਮੇਰੇ ਤੇ ਹਾਵੀ ਰਿਹਾ। 'ਮੈਂ' ਪਾਤਰਾਂ ਰਾਹੀਂ ਸਮਾਜ ਨੂੰ ਸਮਝ ਲੱਗਾ। ਸਮਾਜਿਕ, ਆਰਥਿਕ, ਧਾਰਮਿਕ, ਜਾਤੀ ਸੰਸਕਾਰ ਬੰਦੇ ਦੇ ਮਨ ਤੇ ਕੀ ਅਸਰ ਕਰਦੇ ਹਨ। ਉਨ੍ਹਾਂ ਦਾ ਵਿਹਾਰ ਕਿਵੇਂ ਬਦਲਦਾ ਹੈ ਇਹੋ ਜਿਹੇ ਪਾਤਰ ਮੈਂ ਕਹਾਣੀ 'ਚ ਲੈ ਕੇ ਆਇਆ। ਫਿਰ 'ਤੀਜਾ ਨੇਤਰ' ਪੁਸਤਕ ਵਿਚ ਮੈਂ ਭਾਰਤੀ ਇਤਿਹਾਸ ਜਿਹੜਾ ਦਲਿਤ ਪਛਾਣ ਦੇ ਧੁੰਦਲਕੇ ਨੂੰ ਸਾਫ ਕਰਦਾ ਹੈ। ਦਲਿਤ ਦਰਸ਼ਨ ਦੇ ਪ੍ਰਸੰਗ 'ਚ ਪਾਤਰਾਂ ਨੂੰ ਇਨ੍ਹਾਂ ਕਹਾਣੀਆਂ ਵਿਚ ਲੈ ਕੇ ਆਇਆ। ਅਤੇ ਨਵੇਂ ਕਹਾਣੀ ਸੰਗ੍ਰਹਿ 'ਮਰਨ ਰੁੱਤ' ਵਿਚ ਰਵਿਦਾਸ, ਅੰਬੇਡਕਰ, ਆਦਿ ਧਰਮਕ ਲਹਿਰ ਵਿਚੋਂ ਜੋ ਦਲਿਤ ਦਰਸ਼ਨ ਉਭਰ ਕੇ ਸਾਹਮਣੇ ਆਉਂਦਾ ਹੈ। ਉਹ ਮੈਂ ਆਪਣੇ ਪਾਤਰਾਂ ਰਾਹੀਂ ਲੈ ਕੇ ਆਇਆ। ਦਲਿਤ ਚਿੰਤਨ ਵਿਚ ਆ ਰਹੇ ਧੁੰਦਲਕੇ ਨੂੰ ਮੈਂ ਇਸ ਪੁਸਤਕ ਦੀਆਂ ਕਹਾਣੀਆਂ ਵਿਚ ਪੇਸ਼ ਕੀਤਾ ਹੈ। ਆਦੀ ਡੰਕਾ, ਜੜ੍ਹਾਂ, ਰਹਿਮਤ ਮਸੀਹ ਮੱਟੂ ਦੀ ਜੀਵਨੀ, ਮਰਨ ਰੁੱਤ ਦੇ ਪਾਤਰ ਦਲਿਤ ਜ਼ਿੰਦਗੀ ਦੇ ਨਵੇਂ ਪਸਾਰ ਲੈ ਕੇ ਪੰਜਾਬੀ ਕਹਾਣੀ ਵਿਚ ਪਰਵੇਸ਼ ਕਰਦੇ ਹਨ।

ਕਹਾਣੀ ਕਿਵੇਂ ਜੁੜਦੀ ਏ, ਇਹਦੇ ਬਾਰੇ ਮੈਂ ਪਹਿਲਾਂ ਕਦੇ ਸੁਚੇਤ ਹੋ ਕੇ ਸੋਚਿਆ ਹੀ ਨਹੀਂ ਸੀ। ਦੋ ਤਿੰਨ ਰੂਪਾਂ 'ਚ ਮੇਰੇ ਅੰਦਰ ਕਹਾਣੀ ਜੁੜਦੀ ਏ। ਪਹਿਲਾ ਰੂਪ ਤਾਂ ਇਹ ਹੈ ਕਿ ਜਦੋਂ ਕੋਈ ਘਟਨਾ ਮੇਰੇ ਦਿਮਾਗ 'ਤੇ ਇਕਦਮ ਅਟੈਕ ਕਰੇ ਤਾਂ ਉਸ ਮੁੱਖ ਘਟਨਾ ਦੇ ਇਰਦ-ਗਿਰਦ ਘਟਨਾਵਾਂ ਜੁੜਨ ਲੱਗਦੀਆਂ ਹਨ। ਕੇਵਲ ਉਹੀ ਘਟਨਾਵਾਂ ਜੁੜਦੀਆਂ ਹਨ, ਜਿਨ੍ਹਾਂ ਦਾ ਉਸ ਘਟਨਾ ਅਤੇ ਪਾਤਰ ਨਾਲ ਸੰਬੰਧ ਹੋਵੇ। ਕਈ ਘਟਨਾਵਾਂ ਮੇਰਾ ਦਿਮਾਗ਼ ਕਲਪਨਾ 'ਚੋਂ ਫੜਨ ਲੱਗ ਪੈਂਦਾ ਹੈ । ਇੱਕ ਗੱਲ ਹੋਰ, ਮੇਰੀ ਕਹਾਣੀ ਦਾ ਪ੍ਰੇਰਨਾ ਸਰੋਤ ਮੇਰੇ ਨਾਨਾ ਹਰਨਾਮ ਦਾਸ ਅਹੀਰ ਜੀ ਰਹੇ ਹਨ। ਉਹ ਸਮਾਜਿਕ ਤੌਰ 'ਤੇ ਚੇਤਨ ਇਨਸਾਨ ਸਨ। ਨਾਨਾ ਜੀ ਮੇਰੀ ਹਰ ਕਹਾਣੀ 'ਚ ਕਿਸੇ ਨਾ ਕਿਸੇ ਰੂਪ 'ਚ ਆ ਜਾਂਦੇ, ਕਦੇ ਮਰਦ ਦੇ ਰੂਪ 'ਚ ਤੇ ਕਦੀ ਇਸਤਰੀ ਦੇ ਰੂਪ 'ਚ। ਇਹ ਮੇਰੇ ਵੱਸ ਦੀ ਗੱਲ ਨਹੀਂ ਕਿ ਉਹਨੂੰ ਕਹਾਣੀ 'ਚੋਂ ਗ਼ੈਰ-ਹਾਜ਼ਰ ਕਰ ਦੇਵਾਂ। ਉਨ੍ਹਾਂ ਦੇ ਸੁਭਾਅ ਦਾ, ਆਦਤਾਂ ਦਾ ਵੀ ਮੇਰੇ 'ਤੇ ਖਾਸਾ ਅਸਰ ਹੈ। ਉਹ ਆਪਣੀ ਹਰ ਗੱਲ, ਹਰ ਕੰਮ ਸਹਿਜ ਨਾਲ, ਸੋਚ ਕੇ ਤੇ ਯੋਜਨਾ ਨਾਲ ਕਰਦੇ ਸਨ। ਮੇਰਾ ਸੁਭਾਅ ਵੀ ਕੁਝ ਇਹੋ ਜਿਹਾ ਬਣ ਗਿਆ। ਖੈਰ ਮੁੜ ਮੈਂ ਕਹਾਣੀ ਦੀ ਸਿਰਜਣਾ 'ਤੇ ਆਉਂਦਾ ਹਾਂ। ਮਿਸਾਲ ਦੇ ਤੌਰ 'ਤੇ ਮੈਂ ਆਪਣੀ ਕਿਤਾਬ 'ਮੈਂ, ਸ਼ੈਤਾਨ ਤੇ ਇੰਦੂਮਣੀ' ਦੀ ਪਹਿਲੀ ਕਹਾਣੀ 'ਕਸੂਰਵਾਰ' ਲੈਂਦਾ ਹਾਂ। ਇਹ ਕਹਾਣੀ ਕਿਵੇਂ ਜੁੜੀ ਇਹਦਾ ਵੀ ਅਜੀਬ ਰਹੱਸ ਏ। ਮੇਰੇ ਨਾਨਕੇ ਪਿੰਡ ਜਿੱਥੇ ਮੈਂ ਜੰਮਿਆ-ਪਲਿਆ, ਉੱਥੇ ਇਕ ਆਚਰਣਹੀਣ ਔਰਤ ਸੀ। ਇੱਕ ਦਿਨ ਸਵੇਰੇ-ਸਵੇਰੇ ਪਿੰਡ 'ਚ ਇਹ ਗੱਲ ਅੱਗ ਵਾਂਗ ਫੈਲ ਗਈ ਕਿ ਉਸ ਔਰਤ ਦਾ ਉਹਦੇ ਘਰਵਾਲੇ ਨੇ ਕਿਰਪਾਨ ਨਾਲ ਕਤਲ ਕਰ ਦਿੱਤਾ ਹੈ। ਮੇਰੇ 'ਤੇ ਇਸ ਘਟਨਾ ਨੇ ਕਰੰਟ ਵਾਂਗ ਅਸਰ ਕੀਤਾ। ਉਨ੍ਹਾਂ ਦਿਨਾਂ 'ਚ ਮੈਂ ਕਹਾਣੀਆਂ ਲਿਖਦਾ ਸੀ ਤੇ ਮੇਰੀ ਅਤੇ ਦੇਸ ਰਾਜ ਕਾਲੀ ਦੀ ਇੱਕ ਸਾਂਝੀ ਕਹਾਣੀਆਂ ਦੀ ਕਿਤਾਬ 'ਚਾਨਣ ਦੀ ਲੀਕ' ਛਪ ਚੁੱਕੀ ਸੀ। ਇਸ ਘਟਨਾ ਨੇ ਮੇਰੇ ਦਿਮਾਗ 'ਚ ਸੁੱਤੀਆਂ ਪਈਆਂ ਘਟਨਾਵਾਂ ਨੂੰ ਉਭਾਰ ਦਿੱਤਾ ਤੇ ਮੇਰੇ ਅੰਦਰ ਕਤਲ ਵਾਲੀ ਘਟਨਾ ਦੇ ਇਰਦ-ਗਿਰਦ ਸੁੱਤੀਆਂ ਪਈਆਂ ਘਟਨਾਵਾਂ ਜੁੜਨ ਲੱਗੀਆਂ। ਮੈਂ ਭੱਜ ਕੇ ਉਸ ਘਰ ਜਾ ਪਹੁੰਚਾ, ਜਿੱਥੇ ਕਤਲ ਹੋਇਆ ਸੀ। ਲੋਕਾਂ ਦੀ ਭੀੜ ਸੀ। ਪੁਲਿਸ ਦੇ 10-12 ਸਿਪਾਹੀ ਸਨ। ਮੈਂ ਭੀੜ ਨੂੰ ਚੀਰ ਕੇ ਕਤਲ ਹੋ ਚੁੱਕੀ ਔਰਤ ਨੂੰ ਦੇਖਣ ਲਈ ਉਤਾਵਲਾ ਸੀ, ਜਦੋਂ ਮੈਂ ਦੇਖਿਆ ਤੇ ਰੱਜੋ ਦਾ ਸਿਰ ਵੱਖਰਾ ਸੀ ਤਾਂ ਧੜ ਵੱਖਰਾ, ਲਹੂ ਦੇ ਛੱਪੜ 'ਚ ਉਹਦੀ ਲੋਥ ਮੇਰੇ ਰੌਂਗਟੇ ਖੜ੍ਹੇ ਕਰ ਰਹੀ ਸੀ। ਇਹੋ ਜਿਹਾ ਦ੍ਰਿਸ਼ ਮੈਂ ਪਹਿਲਾਂ ਕਦੇ ਨਹੀਂ ਸੀ ਦੇਖਿਆ। ਢਾਣੀਆਂ 'ਚ 'ਰੱਜੋ' ਦੀਆਂ ਗੱਲਾਂ ਹੋਣ ਲੱਗੀਆਂ। ਮੈਂ ਕੰਨ ਵਲੇਟ ਕੇ ਸੁਣਦਾ ਗਿਆ। ਜਿਵੇਂ ਕਬਰਾਂ 'ਚੋਂ ਦੱਬੇ ਮੁਰਦੇ ਕੱਢੇ ਜਾਂਦੇ ਨੇ ਲੋਕ ਉਵੇਂ 'ਰੱਜੋ' ਨਾਲ ਜੁੜੀਆਂ ਗੱਲਾਂ ਬਾਹਰ ਕੱਢ ਰਹੇ ਸਨ। ਇਸ ਪਾਤਰ ਨੂੰ ਮੈਂ 'ਕਸੂਰਵਾਰ' ਕਹਾਣੀ 'ਚ 'ਰੱਜੋ' ਨਾਂ ਨਾਲ ਹੀ ਲਿਆਂਦਾ, ਪਰ ਕਹਾਣੀ ਦੀ ਮੁੱਖ ਪਾਤਰ ਹੋਰ ਹੈ, ਉਹ ਵੀ ਸਾਡੇ ਗੁਆਂਢ 'ਚ ਰਹਿੰਦੀ ਔਰਤ ਸੀ, ਜਿਹਦੀ 'ਰੱਜੋ' ਨਾਲ ਨਾਲ ਗੂੜ੍ਹੀ ਸਾਂਝ ਸੀ ਤੇ ਜਿਹਦੇ ਸਰੀਰਕ ਸੰਬੰਧ ਖਾਸੇ ਲੋਕਾਂ ਨਾਲ ਸਨ। ਉਸ ਔਰਤ ਨਾਲ ਸੰਬੰਧਤ ਅਨੇਕਾਂ ਘਟਨਾਵਾਂ ਮੈਂ ਦੇਖੀਆਂ-ਸੁਣੀਆਂ ਸਨ ਪਰ ਮੈਂ ਉਹਦੇ ਮਨ 'ਚ ਬੈਠ ਕੇ ਉਹਦੀ ਮਨੋਦਸ਼ਾ ਸਮਝਣਾ ਚਾਹੁੰਦਾ ਸੀ। ਪਿੰਡ ਦੇ ਲੋਕ ਉਹਦੇ ਲਈ ਮਾੜੇ ਤੋਂ ਮਾੜੇ ਲਫਜ਼ ਵਰਤਦੇ ਸਨ ਪਰ ਮੇਰਾ ਦਿਮਾਗ਼ ਉਹਨੂੰ ਠੀਕ ਕਹਿੰਦਾ ਸੀ ਤੇ ਸਾਡੇ ਸਮਾਜਿਕ ਸਿਸਟਮ ਉਸ ਨੂੰ ਮਾੜਾ ਕਹਿੰਦਾ ਸੀ। ਮੈਂ ਉਸ ਨੂੰ ਮੁੱਖ

ਪਾਤਰ ਦੇ ਤੌਰ 'ਤੇ ਆਪਣੀ ਕਹਾਣੀ 'ਚ ਪੇਸ਼ ਕੀਤਾ। ਉਹ ਔਰਤ ਹੀ ਆਪਣੀ ਕਹਾਣੀ ਕਹਿੰਦੀ ਹੈ। ਉਸ ਮੁੱਖ ਪਾਤਰ ਬੁੜ੍ਹੀ ਦੇ ਹੁੱਕੀ ਪੀਣ ਦੇ ਅਨੁਭਵ ਨੂੰ ਮੈਂ ਬਰੀਕੀ ਨਾਲ ਪੇਸ਼ ਕੀਤਾ, ਇਹ ਅਨੁਭਵ ਮੈਂ ਆਪਣੀ 'ਨਾਨੀ' ਤੋਂ ਲਿਆ। ਮੇਰੀ ਨਾਨੀ ਹੁੱਕੀ ਪੀਂਦੀ ਹੈ। ਕੌੜੇ ਤੰਬਾਕੂ ਦੇ ਧੂੰਏ ਨੂੰ ਮੈਂ ਕਈ ਵਾਰੀ ਮਹਿਸੂਸ ਕੀਤਾ, ਸ਼ਾਇਦ ਤਾਂ ਹੀ ਇਹ ਅਨੁਭਵ ਕਹਾਣੀ 'ਚ ਬੜੇ ਯਥਾਰਥਕ ਤਰੀਕੇ ਨਾਲ ਪੇਸ਼ ਹੋਏ। ਕੁਝ ਦ੍ਰਿਸ਼ ਤੇ ਘਟਨਾਵਾਂ, ਘਟਨਾਵਾਂ ਨੂੰ ਜੋੜਨ ਦੇ ਤਰੀਕੇ ਮੈਂ ਕਲਪਨਾ ਨਾਲ ਉਸਾਰੇ। ਦੋ ਕੁ ਦਿਨਾਂ 'ਚ ਕਹਾਣੀ ਲਿੱਖ ਦਿੱਤੀ ਤੇ ਤਿੰਨ-ਚਾਰ ਵਾਰੀ ਕਹਾਣੀ ਸੋਧੀ। ਮੇਰੇ ਦਿਮਾਗ ਨੇ ਘਟਨਾਵਾਂ ਨੂੰ ਨਵੀਂ ਸ਼ਕਲ ਦਿੱਤੀ। 'ਕੀੜਾ' ਕਹਾਣੀ ਦੀ ਸਿਰਜਣਾ ਦਾ ਵੀ ਅਜੀਬ ਇਤਫ਼ਾਕ ਹੈ। ਇਸ ਕਹਾਣੀ ਦਾ ਮੁੱਖ ਪਾਤਰ ਮੇਰਾ ਵੱਡਾ ਮਾਮਾ ਹੈ। ਸ਼ੁਰੂ ਤੋਂ ਨਾਨਕੇ ਰਹਿਣ ਕਰਕੇ ਮੈਂ ਉਹਨੂੰ ਨੇੜੇ ਤੋਂ ਦੇਖਿਆ। ਆਪਣੇ ਵਿਆਹ ਤੋਂ ਪੰਜ-ਸੱਤ ਸਾਲ ਬਾਅਦ ਉਹ ਅਰਬ ਦੇਸ਼ ਰਿਹਾ ਤੇ ਇਧਰ ਆਉਣ 'ਤੇ ਉਹ ਦਿਮਾਗੀ ਤੌਰ 'ਤੇ ਹਿੱਲ ਗਿਆ। ਘਰ 'ਚ ਉਹਦੇ ਵਤੀਰੇ ਕਰਕੇ ਕਾਫ਼ੀ ਤਣਾਓ ਰਹਿਣ ਲੱਗ ਪਿਆ। ਉਹਦੀ ਘਰਵਾਲੀ, ਉਹਦੇ ਦੋ ਬੱਚੇ ਸਨ। ਸਾਂਝਾ ਟੱਬਰ ਸੀ, ਜਦੋਂ ਉਹਦੇ ਦਿਮਾਗ ਨੂੰ ਪਾਗਲਪਨ ਚੜ੍ਹਦਾ, ਉਹ ਹਿੰਸਕ ਹੋ ਜਾਂਦਾ। ਆਪਣੀ ਘਰਵਾਲੀ ਨੂੰ ਕੁੱਟਦਾ, ਨਾਨੇ ਨਾਲ, ਘਰ ਦੇ ਹੋਰਨਾਂ ਨਾਲ ਹੱਥੋਪਾਈ ਹੋ ਜਾਂਦਾ। ਅਸਲ 'ਚ ਉਹ ਵਿਦੇਸ਼ੋਂ ਆ ਕੇ ਦਾਰੂ ਖਾਸੀ ਪੀਣ ਲੱਗ ਪਿਆ ਸੀ। ਸਿਗਰਟਾਂ-ਤੰਬਾਕੂ ਲਗਾਤਾਰ ਲੈਂਦਾ, ਜਿਸ ਕਰਕੇ ਉਹਦੀ ਘਰਵਾਲੀ ਉਹਦੇ ਤੋਂ ਦੂਰ ਰਹਿਣ ਲੱਗ ਪਈ। ਬਾਹਰੋਂ ਆਏ ਬੰਦੇ ਤਾਂ ਸੈਕਸ ਦੇ ਭੁੱਖੇ ਹੁੰਦੇ ਨੇ। ਉਸ ਦੀ ਸੈਕਸ ਅਤ੍ਰਿਪਤੀ ਤੋਂ ਉਹਦੇ ਦਿਮਾਗ 'ਚ ਸੈਕਸ ਦੀ ਗੰਢ ਬੱਝਣ ਲੱਗ ਪਈ। ਜਦੋਂ ਘਰ ਹੁੰਦਾ ਸੀ, ਉਹ ਛੋਟੇ ਮਾਮੇ ਦਾ ਮੁੰਡਾ ਚੁੱਕ ਲਿਜਾਂਦਾ ਤਾਂ ਉਹਨੂੰ ਚੁੰਮਣ ਲੱਗਦਾ। ਮਾਮੇ ਦੇ ਪਾਗਲਪਨ ਨੂੰ ਮੈਂ ਫਰਾਇਡ ਦੇ ਚਿੰਤਨ ਰਾਹੀ ਸਮਝਣ ਲੱਗਾ। ਮੈਂ ਉਸ ਦੇ ਅਬਨਾਰਮਲ ਵਤੀਰੇ ਨੂੰ ਨੇੜੇ ਹੋ ਕੇ ਦੇਖਿਆ। ਕਈ ਵਾਰੀ ਨਾਨੇ ਨਾਲ ਝਗੜ ਪੈਂਦਾ। ਅਸੀਂ ਅਨੇਕਾਂ ਵਾਰੀ ਉਹਨੂੰ ਕੁੱਟਿਆ। ਘਰ 'ਚ ਬਹੁਤ ਤਣਾਓ ਸੀ, ਉਹਦਾ ਪਲ-ਪਲ ਖਿਆਲ ਰੱਖਣਾ ਪੈਂਦਾ ਕਿ ਪਤਾ ਨਹੀਂ ਕਦੋਂ ਉਹ ਹਿੰਸਕ ਹੋ ਜਾਵੇ। ਇਸ ਦੌਰਾਨ ਉਹਦੀ ਘਰਵਾਲੀ ਨਾਲ ਤਲਾਕ ਹੋ ਗਿਆ। ਮਾਮੇ ਦੀ ਹਾਲਤ ਬਹੁਤ ਨਿੱਘਰ ਗਈ, ਸ਼ਰਾਬ ਤੇ ਡਾਕਟਰਾਂ ਦੁਆਰਾ ਲਾਈਆਂ ਬਿਜਲੀਆਂ ਨੇ ਉਹਨੂੰ ਲਿੱਸਾ ਕਰ ਦਿੱਤਾ। ਮਾਮਾ ਤਿੰਨ-ਚਾਰ ਸਾਲਾਂ ਬਾਅਦ ਫੇਰ ਸਹਿਜ ਰਹਿਣ ਲੱਗਾ। ਉਸ ਨੇ ਹਿੰਸਕ ਹੋਣਾ ਛੱਡ ਦਿੱਤਾ। ਮੇਰੇ ਅੰਦਰ ਇਕ ਕਹਾਣੀ ਬਣਨ ਲੱਗੀ। ਮਾਮੇ ਦੇ ਕਰੈਕਟਰ ਨੇ ਮੈਨੂੰ ਤੇ ਮੇਰੇ ਦਿਮਾਗ਼ ਨੂੰ ਪ੍ਰੇਸ਼ਾਨ ਕਰ ਦਿੱਤਾ। 'ਕੀੜਾ' ਕਹਾਣੀ ਦਾ ਮੁੱਖ ਪਾਤਰ 'ਰੌਸ਼ਨ' ਮੇਰਾ ਮਾਮਾ ਹੈ। ਇਹ ਕਹਾਣੀ ਲਿਖਣ ਤੋਂ ਮੈਂ ਡਰਦਾ ਸੀ ਕਿ ਇਸਨੂੰ ਪੜ੍ਹ ਕੇ ਘਰ ਦੇ ਕੀ ਕਹਿਣਗੇ? ਮਾਮੇ ਨੂੰ ਅਜੇ ਵੀ ਪਾਗਲਪਨ ਦੇ ਦੌਰੇ ਪੈਂਦੇ ਹਨ। ਉਹਦਾ ਨਵਾਂ ਰੂਪ ਮੈਂ ਹੁਣ ਦੇਖ ਰਿਹਾਂ ਹਾਂ ਮੇਰੇ ਮਨ ਵਿਚ ਨਵੀਂ ਕਹਾਣੀ ਦਾ ਪਾਤਰ ਘੜ ਹੋ ਰਿਹਾ ਹੈ।

ਪਾਗਲਾਂ ਬਾਰੇ ਮੈਂ ਦੋ ਹੋਰ ਕਹਾਣੀਆਂ ਲਿਖੀਆਂ। ਇੱਕ ਹੈ 'ਖੋਜ' ਜੋ ਡਾਇਰੀ ਦੇ ਰੂਪ 'ਚ ਆਪਣੇ ਪਾਗਲ ਭਰਾ 'ਤੇ ਲਿਖੀ। ਮੇਰਾ ਭਰਾ ਜਵਾਨੀ 'ਚ ਦਿਮਾਗ਼ੀ ਤੌਰ 'ਤੇ ਹਿੱਲ ਗਿਆ। ਉਸ ਦਾ 7-8 ਸਾਲ ਇਲਾਜ ਕਰਵਾਇਆ। ਉਹਦੇ ਕਰਕੇ ਘਰ 'ਚ ਬਹੁਤ ਤਣਾਓ ਰਹਿੰਦਾ। ਫੇਰ ਉਸ ਨੂੰ ਅੰਮ੍ਰਿਤਸਰ ਮੈਂਟਲ ਹਸਪਤਾਲ ਪੱਕੇ ਤੌਰ 'ਤੇ ਦਾਖਲ ਕਰਨ ਲਈ ਇੱਕ ਮਹੀਨੇ ਤੋਂ ਵੱਧ ਸਮਾਂ ਰੱਖਿਆ, ਮੈਂ ਉਹਦੇ ਨਾਲ ਰਿਹਾ। ਇਹ 'ਖੋਜ' ਕਹਾਣੀ ਦਾ ਵਿਸ਼ਾ ਮੈਨੂੰ ਉੱਥੋਂ ਮਿਲਿਆ। ਇਸ ਕਹਾਣੀ ਦਾ ਮੁੱਖ ਪਾਤਰ ਮੇਰਾ ਭਰਾ ਹੈ। ਕਹਾਣੀ 'ਚ ਉਹ ਪੜ੍ਹਿਆ-ਲਿਖਿਆ ਪਾਤਰ ਮੈਂ ਉਸਾਰਿਆ ਜੋ ਮੇਰੀ ਕਲਪਨਾ 'ਚ ਉਪਜਿਆ। ਸਾਰੀਆਂ ਘਟਨਾਵਾਂ ਅਤੇ ਪਾਗਲ ਪਾਤਰਾਂ ਦੇ ਵਿਹਾਰ ਨੂੰ ਮੈਂ ਨੇੜੇ ਤੋਂ ਦੇਖਿਆ। ਰਹੀ ਗੱਲ ਤਕਨੀਕ ਦੀ ਇਸ ਨੂੰ ਪੇਸ਼ ਕਰਨ ਲਈ ਮੈਨੂੰ ਉਚੇਚੇ ਤੌਰ ਤੇ ਕੋਈ ਤਕਨੀਕ ਨਹੀਂ ਵਰਤਣੀ ਪਈ। ਬੱਸ ਕਹਾਣੀ ਬਣਨ ਲੱਗ ਪਈ। ਇਤਿਹਾਸ ਕਿੱਥੋਂ ਕਹਾਣੀ 'ਚ ਆ ਗਿਆ, ਮੈਨੂੰ ਖ਼ੁਦ ਨੂੰ ਇਲਮ ਨਹੀਂ ਜਦੋਂ ਇਤਿਹਾਸ ਤੇ 'ਤੇ ਖੋਜ ਕਰਨ ਵਾਲਾ ਪਾਤਰ ਘੜ ਹੋਣ ਲੱਗ ਪਿਆ ਤਾਂ ਮੇਰੇ ਅਚੇਤ ਮਨ 'ਚ ਪਿਆ ਇਤਿਹਾਸ ਕਹਾਣੀ 'ਚ ਆਉਣ ਲੱਗਾ। ਮੇਰੇ ਜਾਤੀ ਸੰਸਕਾਰ ਵੀ ਕਹਾਣੀ 'ਚ ਆ ਗਏ। ਹਾਂ ਮੇਰੇ ਚੇਤਨ ਮਨ ਨੇ ਕਹਾਣੀ ਦੀ ਇਕ ਖਾਸ ਦ੍ਰਿਸ਼ਟੀਕੋਣ ਤੋਂ ਉਸਾਰੀ ਕਰਵਾਈ। ਦਲਿਤ ਚੇਤਨਾ ਦੀ ਦ੍ਰਿਸ਼ਟੀ ਮੇਰੀ ਇਸ ਕਹਾਣੀ 'ਚ ਪਈ ਹੋਈ ਹੈ। ਨੂੰ ਮੈਂ ਅੱਖੀਂ ਦੇਖਿਆ ਤੇ ਹੱਡੀਂ ਹੰਢਾਇਆ। ਇੱਕ ਹੋਰ ਕਹਾਣੀ 'ਡੈਣ' ਲਿਖੀ ਜੋ ਮੈਂਟਲ ਹਲਪਤਾਲ ਦੇ ਇਕ ਪਾਤਰ ਵਿਚੋਂ ਸਿਰਜੀ। ਇਸ ਕਹਾਣੀ ਦਾ ਪਾਗਲ ਪਾਤਰ ਦਰਸ਼ਨ ਰਾਮ ਜੱਸਲ ਮੇਰੇ ਨਾਨਕੇ

ਪਿੰਡ ਅਕਸਰ ਗੇੜਾ ਮਾਰਨ ਆਉਂਦਾ ਹੁੰਦਾ ਸੀ। ਮੇਰਾ ਪਾਗਲ ਪਾਤਰਾਂ ਨਾਲ ਨੇੜੇ ਦੇ ਸੰਬੰਧ ਹਨ, ਅਜੇ ਵੀ ਮੇਰੇ ਕੋਲ ਪਾਗਲ ਪਾਤਰਾਂ ਦੀਆਂ ਬਹੁਤ ਸਾਰੀਆਂ ਘਟਨਾਵਾਂ ਦਿਮਾਗ਼ 'ਚ ਪਈਆਂ ਹਨ। ਦੋ ਕੁ ਸਾਲ ਬਾਅਦ ਮੇਰੇ ਅੰਦਰ ਪਾਗਲ ਬਾਰੇ ਕਹਾਣੀ ਬਣਨ ਲੱਗ ਪੈਂਦੀ ਹੈ। ਪਤਾ ਨਹੀਂ ਇਹ ਸਿਲਸਿਲਾ ਕਦੋਂ ਬੰਦ ਹੋਵੇ।

ਆਪਣੀਆਂ ਕਹਾਣੀਆਂ ਦੇ ਵਿਸ਼ੇ ਤੇ ਪਾਤਰ ਮੈਂ ਆਪਣੇ ਆਲੇ-ਦੁਆਲੇ ਤੋਂ ਲੈਂਦਾ ਹਾਂ। ਜਦੋਂ ਮੈਂ 'ਸ਼ੈਤਾਨ' ਕਹਾਣੀ ਲਿਖੀ ਤਾਂ ਮੇਰੇ ਮੋਹਰੇ ਮੇਰੀ ਮਾਸੀ ਦਾ ਮੰੁਡਾ ਸੀ। ਇਸ ਕਹਾਣੀ ਵਿੱਚ ਮੈਂ ਅੰਦਰ ਬੈਠੇ ਕਾਮ-ਗ੍ਰਸਤ ਸ਼ੈਤਾਨ ਨੂੰ ਉਭਾਰਿਆ ਹੈ ਕਿ ਕਿਵੇਂ ਸਾਡੇ ਪੰਜਾਬੀ ਸਮਾਜ 'ਚ ਪ੍ਰਵਾਨਤ ਰਿਸ਼ਤਿਆਂ ਦੀ ਆੜ 'ਚ ਬੰਦਾ ਆਪਣੇ ਅੰਦਰਲੇ ਸ਼ੈਤਾਨ ਦੀਆਂ ਖਾਹਸ਼ਾਂ ਦੀ ਤ੍ਰਿਪਤੀ ਕਰਦਾ ਹੈ। ਇਸ ਕਹਾਣੀ 'ਚ ਜੋ ਵੱਖ-ਵੱਖ ਘਟਨਾਵਾਂ ਹਨ, ਮੇਰੇ ਨਾਲ ਕਾਫੀ ਘਟੀਆਂ ਹਨ। ਕੁਝ ਮੈਂ ਸੁਣੀਆਂ ਹਨ, ਕੁਝ ਮੇਰੀ ਕਲਪਨਾ ਨੇ ਘੜ ਲਈਆਂ। ਕਹਾਣੀ 'ਚ 'ਮੈਂ' ਪਾਤਰ ਖੁਦ ਕਹਾਣੀ ਕਹਿੰਦਾ ਹੈ। ਉਹ ਆਪਣੇ ਬਾਰੇ ਆਪਣੇ ਅੰਦਰ ਬੈਠੇ ਸ਼ੈਤਾਨ ਬਾਰੇ ਜ਼ਿਕਰ ਕਰਦਾ ਹੈ। ਇਸ ਕਹਾਣੀ ਵਿੱਚ ਜੋ ਇਤਿਹਾਸਕ ਵੇਰਵੇ ਹਨ, ਜਿਹੜੇ ਮੁੱਖ ਪਾਤਰ ਦੇ ਸੁਭਾਅ ਨੂੰ ਉਭਾਰਦੇ ਹਨ। ਉਹ ਵੇਰਵੇ ਸਹਿਜ-ਸੁਭਾਅ ਹੀ ਆ ਗਏ। ਮੈਂ ਇਤਿਹਾਸ ਨੂੰ ਮੁੱਖ ਵਿਸ਼ੇ ਦੇ ਤੌਰ 'ਤੇ ਸਕੂਲ, ਕਾਲਜ ਤੱਕ ਪੜ੍ਹਿਆ ਸਾਂ ਤੇ ਇਹ ਮੇਰਾ ਪਸੰਦੀਦਾ ਵਿਸ਼ਾ ਰਿਹਾ ਹੈ। ਇਹ ਇਤਿਹਾਸਕ ਵੇਰਵੇ ਲਿਆਉਣ 'ਚ ਮੈਂ ਕੋਈ ਉਚੇਚ ਨਹੀਂ ਕੀਤੀ। ਸ਼ੈਤਾਨ ਦੇ ਕਰੈਕਟਰ ਨੂੰ ਫੜਨ ਲਈ ਮੈਨੂੰ ਕਾਫੀ ਮਿਹਨਤ ਕਰਨੀ ਪਈ। ਕਈ ਦੋਸਤਾਂ ਨੂੰ ਬਹਾਨੇ ਨਾਲ ਇਸ ਪਾਤਰ ਨੂੰ ਹੋਰ ਯਥਾਰਥਵਾਦੀ ਬਣਾਉਣ ਵਾਲੀਆਂ ਗੱਲਾਂ ਪੁੱਛੀਆਂ। ਕਾਫੀ ਯਤਨਾਂ ਨਾਲ ਇਹ ਕਰੈਕਟਰ ਪਕੜ 'ਚ ਆਇਆ।

'ਪਿੰਜਰ' ਕਹਾਣੀ ਲਿਖਣ ਦੀ ਪ੍ਰੇਰਨਾ ਮੈਨੂੰ ਮੇਰੇ ਚਾਚੇ 'ਕੇਵਲ ਰਾਮ' ਤੋਂ ਮਿਲੀ, ਜਿਹੜਾ ਬਹੁਤ ਸ਼ਰਾਬ ਪੀਣ ਕਰਕੇ ਟੀ.ਬੀ. ਦਾ ਸ਼ਿਕਾਰ ਹੋ ਗਿਆ ਤੇ ਅੰਤ ਨੂੰ ਹੱਡੀਆਂ ਦੀ ਮੁੱਠ ਬਣ ਕੇ ਮਰ ਗਿਆ। ਉਨ੍ਹਾਂ ਦਿਨਾਂ 'ਚ ਮੈਂ ਆਪਣੇ ਪਿੰਡ ਰਸੂਲਪੁਰ ਜਾਂਦਾ, ਹਫ਼ਤਾ-ਹਫ਼ਤਾ ਰਹਿ ਆਉਂਦਾ। ਚਾਚਾ ਕੇਵਲ ਜੰਗਲਾਤ ਮਹਿਕਮੇ 'ਚ ਆਰੇ 'ਤੇ ਲੱਕੜਾਂ ਚੀਰਦਾ ਸੀ, ਉਥੋਂ ਹੀ ਉਹ ਸ਼ਰਾਬ ਦੀ ਲਤ ਲਵਾ ਲਿਆਇਆ। ਜ਼ਿਆਦਾ ਸ਼ਰਾਬ ਪੀਣ ਦਾ ਕਾਰਨ ਸ਼ਾਇਦ ਉਹਦੇ ਘਰ ਬੱਚਾ ਨਾ ਹੋਣਾ ਸੀ। ਫਿਰ ਉਹ ਮੰਜੇ ਨਾਲ ਲੱਗ ਗਿਆ। ਰੰਗ ਕਾਲਾ ਭੂਤ ਉਹਨੂੰ ਦੇਖ ਕੇ ਡਰ ਲੱਗਦਾ। ਘਰ 'ਚ ਅੰਤਾਂ ਦੀ ਗਰੀਬੀ, ਦਾਦੀ ਦਾ ਪਥਰਾਇਆ ਚਿਹਰਾ ਮੈਂ ਰੀਝ ਨਾਲ ਵੇਂਹਦਾ, ਇੱਕ ਵਾਰੀ ਮੈਂ ਚਾਚੇ ਦੀ ਖਬਰ ਲੈਣ ਗਿਆ। ਚਾਚਾ ਮੌਤ ਨਾਲ ਘੁਲ ਰਿਹਾ ਸੀ। ਉਹਦੀ ਘਰਵਾਲੀ ਦੇ ਚਿਹਰੇ 'ਤੇ ਉਦਾਸੀ ਸੀ, ਦਾਦੀ ਵੱਖ ਅੱਥਰੂ ਸੁੱਟ ਰਹੀ ਸੀ ਤੇ ਮੇਰੀ ਮਾਤਾ ਮੈਨੂੰ ਉਹਦੇ ਨੇੜੇ ਨਹੀਂ ਸੀ ਜਾਣ ਦੇ ਰਹੀ ਕਿ ਟੀ.ਬੀ. ਦੀ ਬੀਮਾਰੀ ਲੱਗਜੂ। ਉਸ ਸਮੇਂ ਮੇਰੇ ਅੰਦਰ ਕਹਾਣੀ ਬਣਨ ਲੱਗ ਪਈ। ਇਸ ਕਹਾਣੀ 'ਚ ਆਪਣੀ ਦਾਦੀ ਨੂੰ ਮੈਂ ਮੁੱਖ ਪਾਤਰ ਦੀ ਮਾਂ ਦੇ ਰੂਪ 'ਚ ਚਿਤਰਿਆ। ਬਾਕੀ ਕਹਾਣੀ ਦੇ ਪਲਾਟ ਨੂੰ ਮੈਂ ਆਪਣੀ ਕਲਪਨਾ ਨਾਲ ਘੜ੍ਹਿਆ। ਤਰਲੋਕਾ ਮੁੱਖ ਪਾਤਰ ਹੈ, ਉਹਦਾ ਚਾਚਾ ਉਹਨੂੰ ਨਸ਼ਿਆਂ 'ਤੇ ਲਾ ਕੇ ਆਪਣੇ ਖੇਤਾਂ 'ਚ ਵੱਧ ਕੰਮ ਕਰਵਾਉਂਦਾ ਹੈ ਤੇ ਜਦੋਂ ਉਹ ਕੰਮ ਕਰਨੋਂ ਰਹਿ ਜਾਂਦਾ ਹੈ, ਉਹਨੂੰ ਜਵਾਬ ਮਿਲ ਜਾਂਦਾ ਹੈ। ਇਹ ਸਭ ਗੱਲਾਂ ਮੇਰੀ ਕਲਪਨਾ ਨੇ ਸਿਰਜੀਆਂ ਹਨ। ਆਮ ਤੌਰ 'ਤੇ ਕਹਾਣੀ 'ਚ ਕੀ ਕਹਿਣਾ ਹੈ, ਕਿਹੜੀ ਗੱਲ ਉਭਾਰਨੀ ਹੈ ਜਾਂ ਕਿਹੜੀ ਸਮੱਸਿਆ ਕਿਸ ਤਰ੍ਹਾਂ ਪੇਸ਼ ਕਰਨੀ ਹੈ, ਇਹ ਸਭ ਕੁਝ ਮੈਂ ਕਾਲਪਨਿਕ ਯਥਾਰਥ ਆਪਣੀ ਦ੍ਰਿਸ਼ਟੀ ਰਾਹੀਂ ਨਾਲ ਕਰਦਾ ਹਾਂ।

'ਜਨੇਊ' ਕਹਾਣੀ ਕਿਵੇਂ ਸਿਰਜ ਹੋਈ, ਇਹ ਇੱਕ ਅਜੀਬ ਰਹੱਸ ਹੈ ਮੇਰੇ ਲਈ। ਮੈਂ ਕੇਵਲ ਮੱਝ ਦੀ ਘਟਨਾ ਨੂੰ ਆਪਣੀਆਂ ਅੱਖਾਂ ਮੂਹਰੇ ਵਾਪਰਦਿਆਂ ਵੇਖਿਆ, ਜਿਹੜਾ ਪਿੱਛਾ ਬਾਹਰ ਆਉਂਦਾ ਹੈ ਜਾਂ 'ਭਾਰ ਪੈਂਦਾ' ਹੈ। ਮੇਰੇ ਅੰਦਰ ਉਹ ਔਰਤ ਦਾ ਕਰੈਕਟਰ ਕਿਵੇਂ ਬਣਨ ਲੱਗ ਪਿਆ ਜਿਹਨੂੰ 'ਭਾਰ ਪੈਣ' ਦੀ ਬੀਮਾਰੀ ਹੈ ਤੇ ਕਿਵੇਂ ਉਹਦੀ ਅੰਦਰਲੀ ਮਾਨਸਿਕਤਾ ਦੀ ਟੁੱਟ-ਭੱਜ ਹੁੰਦੀ ਹੈ ਅਤੇ ਇਹ ਰੋਗ ਔਰਤਾਂ ਨੂੰ ਕਿਵੇਂ ਚੁੰਬੜਦਾ ਹੈ, ਉਸ ਔਰਤ ਦੀ ਮਨੋਦਸ਼ਾ ਨੂੰ ਕਿਵੇਂ ਮੈਂ ਫੜਿਆ ਇਹ ਮੈਨੂੰ ਵੀ ਪਤਾ ਨਹੀਂ। ਮੇਰੇ ਦਿਮਾਗ 'ਚ ਮੱਝ ਦੇ ਭਾਰ ਪੈਂਦੇ ਦ੍ਰਿਸ਼ ਨੂੰ ਦੇਖ ਕੇ ਇਹੋ ਬਿਮਾਰੀ ਨਾਲ ਪੀੜਤ ਔਰਤ ਦਾ ਕਰੈਕਟਰ ਬਣਨ ਲੱਗ ਪਿਆ। ਮੈਂ ਆਪਣੀ ਕਾਲਪਨਿਕ ਉਡਾਰੀ ਨਾਲ ਉਸ ਔਰਤ ਦੀ ਕਹਾਣੀ ਬਣਾ ਲਈ ਕੁਝ ਔਰਤਾਂ ਤੋਂ ਇਸ ਰੋਗ ਬਾਰੇ ਪੁਛਿਆ। ਬਸ ਮੈਂ ਭਾਰ ਪੈਣ ਵਾਲੀ ਔਰਤ ਬਾਰੇ ਕਿਤੇ ਪੜ੍ਹਿਆ ਸੀ। ਇਸ ਸੰਬੰਧੀ ਮੈਂ ਲੇਡੀ ਡਾਕਟਰ ਨਾਲ ਵੀ ਗੱਲਬਾਤ ਕੀਤੀ। ਇਹ ਔਰਤ ਹੀ ਆਪਣੀ ਕਹਾਣੀ ਕਹਿੰਦੀ ਹੈ। 'ਮੈਂ' ਪਾਤਰ ਰਾਹੀਂ ਮੱਝ ਨੂੰ ਮੈਂ ਇੱਕ ਪ੍ਰਤੀਕ ਦੇ ਤੌਰ 'ਤੇ ਵਰਤਿਆ ਹੈ। ਇਹੋ ਜਿਹੇ ਵਿਸ਼ੇ 'ਤੇ

ਇਹ ਪੰਜਾਬੀ 'ਚ ਪਹਿਲੀ ਕਹਾਣੀ ਹੈ। ਮੈਂ ਚਾਹੁੰਦਾ ਸੀ ਇਸ ਕਹਾਣੀ ਦਾ ਚਿੰਤਕ ਨੋਟਿਸ ਲੈਂਦੇ ਪਰ ਅਜਿਹਾ ਹੋਇਆ ਨਹੀਂ। ਪੰਜਾਬੀ 'ਚ ਉਨ੍ਹਾਂ ਕਹਾਣੀਆਂ ਦਾ ਹੀ ਨੋਟਿਸ ਲਿਆ ਜਾਂਦਾ ਹੈ, ਜਿਹੜੀਆਂ ਕਿਸਾਨੀ ਨਾਲ ਸਿੱਧੇ-ਅਸਿੱਧੇ ਰੂਪ 'ਚ ਜੁੜੀਆਂ ਹੁੰਦੀਆਂ ਹਨ। ਕਹਾਣੀ ਦੇ ਅਖੀਰ 'ਚ ਔਰਤ ਦੇ ਅੰਦਰਲੇ ਤਣਾਓ ਨੂੰ ਸਿਰਜਣ 'ਚ ਮੈਂ ਕਾਫੀ ਉਚੇਚ ਵਰਤੀ ਹੈ।

'ਕਾਫ਼ਰ' ਕਹਾਣੀ 'ਚ ਮੈਂ ਰਾਮਗੜ੍ਹੀਆ ਬਰਾਦਰੀ ਦੀ ਇੰਡਸਟਰੀਲਿਸਟ ਕਲਾਸ ਨੂੰ ਚਿਤਰਿਆ। ਇਸ ਕਹਾਣੀ ਦਾ ਵਿਸ਼ਾ ਕਿਵੇਂ ਲੱਭਾ ਤੇ ਕਿਵੇਂ ਸਿਰਜਣਾ ਦਾ ਸਬੱਬ ਬਣਿਆ ਇਹ ਵੀ ਰੌਚਕ ਗੱਲ ਹੈ। ਮੈਂ ਉਨ੍ਹਾਂ ਦਿਨਾਂ 'ਚ ਰਾਮਗੜ੍ਹੀਆ ਬਰਾਦਰੀ ਦੀ ਵੀਕਲੀ ਅਖਬਾਰ 'ਰਾਮਗੜ੍ਹੀਆ ਮੰਚ' 'ਚ ਨੌਕਰੀ ਕਰਦਾ ਸਾਂ। ਉਹ ਮੈਨੂੰ ਵੱਖ-ਵੱਖ ਸ਼ਹਿਰਾਂ 'ਚ ਸਾਲਾਨਾ ਚੰਦੇ ਤੇ ਇਸ਼ਤਿਹਾਰ ਲੈਣ ਭੇਜ ਦਿੰਦੇ। ਮੈਂ ਸ਼ਹਿਰ-ਸ਼ਹਿਰ ਕਾਰਖਾਨਿਆਂ ਵਿੱਚ ਘੁੰਮਦਾ। ਇੱਕ ਵਾਰੀ ਗੁਰਾਇਆਂ ਸ਼ਹਿਰ ਵਿੱਚ ਇਕ ਇੰਡਸਟਰੀ ਵਿੱਚ ਗਿਆ। ਉਸ ਇੰਡਸਟਰੀ 'ਚ ਤਿੰਨ ਭਰਾ ਕੰਮ ਕਰਦੇ ਹਨ। ਉੱਥੇ ਜੈਕ ਬਣਦੇ ਸਨ। ਦੋ ਭਰਾ ਮਸ਼ੀਨ 'ਤੇ ਕੰਮ ਕਰਦੇ ਕਾਲੇ ਪੀਲੇ ਹੋਏ ਰਹਿੰਦੇ, ਉਨ੍ਹਾਂ ਦੇ ਕੱਪੜੇ ਵੀ ਕਾਮਿਆਂ ਵਰਗੇ ਹੁੰਦੇ, ਇਕ ਭਰਾ ਇੰਡਸਟਰੀ ਦੀ ਨਿਗਰਾਨੀ ਕਰਦਾ। ਨਵੇਂ ਕੱਪੜੇ ਪਾ ਕੇ ਦਫਤਰ ਬਹਿੰਦਾ। ਪੈਸਿਆਂ ਦਾ ਲੈਣ-ਦੇਣ ਉਹ ਕਰਦਾ। ਮੈਨੂੰ ਪੰਜ-ਛੇ ਵਾਰੀ ਜਾਣ ਤੋਂ ਬਾਅਦ ਪਤਾ ਲੱਗਾ ਕਿ ਇਹ ਤਿੰਨੋ ਭਰਾ ਹਨ। ਪੜ੍ਹਿਆ-ਲਿਖਿਆ ਭਰਾ ਦਫਤਰੀ ਬਾਬੂ ਬਣ ਕੇ ਖਰਾਦ ਵਾਲੀਆਂ ਮਸ਼ੀਨਾਂ 'ਤੇ ਕੰਮ ਕਰਦੇ ਭਰਾਵਾਂ 'ਤੇ ਰੋਅਬ ਪਾਉਂਦਾ, ਇਸ ਗੱਲੋਂ ਉਹ ਦੁਖੀ ਵੀ ਰਹਿੰਦੇ, ਜਦੋਂ ਕਿਤੇ ਉਨ੍ਹਾਂ ਦਾ ਬਾਬੂ ਭਰਾ ਫੈਕਟਰੀ ਨਾ ਹੁੰਦਾ ਤੇ ਉਹ ਦੂਜੇ ਕਾਮਿਆਂ 'ਤੇ ਰੋਅਬ ਪਾਉਂਦੇ ਅਤੇ ਮੇਰੀ ਬਹੁਤੀ ਗੱਲ ਹੀ ਨਾ ਸੁਣਦੇ। ਇਨ੍ਹਾਂ ਘਟਨਾਵਾਂ ਨੂੰ ਲੈ ਕੇ ਮੇਰੇ ਦਿਮਾਗ 'ਚ ਕਹਾਣੀ ਸਿਰਜ ਹੋਣ ਲੱਗੀ। 10-12 ਦਿਨ ਕਹਾਣੀ ਬਣਦੀ ਰਹੀ ਮੇਰੇ ਦਿਮਾਗ ਵਿੱਚ। ਪੜ੍ਹੇ-ਲਿਖੇ ਚਲਾਕ ਭਰਾ ਦਾ ਆਪਣੇ ਕਾਮੇ ਭਰਾ ਦਾ ਸ਼ੋਸ਼ਣ, ਉਨ੍ਹਾਂ ਦਾ ਟਕਰਾਅ ਅਤੇ ਭਰਾ ਦਾ ਮਾਨਸਿਕ ਸੰਤੁਲਨ ਗਵਾ ਬੈਠਣਾ ਇਹ ਸਭ ਗੱਲਾਂ ਮੇਰੀ ਕਲਪਨਾ ਹੈ। ਭਗਵਾਨ ਵਿਸ਼ਵਕਰਮਾ ਦੇ ਵੇਰਵੇ ਆਪਣੇ ਆਪ ਹੀ ਕਹਾਣੀ ਵਿੱਚ ਆ ਗਏ। ਉਨ੍ਹਾਂ ਇਤਿਹਾਸਕ ਮਿਥਿਹਾਸਕ ਵੇਰਵ੍ਹਿਆਂ ਨੇ ਕਹਾਣੀ ਨੂੰ ਹੋਰ ਵਜ਼ਨਦਾਰ ਬਣਾਇਆ। ਭਰਾ ਦੁਆਰਾ ਸ਼ੋਸ਼ਣ ਦਾ ਸ਼ਿਕਾਰ ਹੋਇਆ ਮੁੱਖ ਪਾਤਰ ਕਹਾਣੀ ਸੁਣਾਉਂਦਾ ਹੈ। ਕਹਾਣੀ ਦੇ ਪਲਾਟ ਦਾ ਦ੍ਰਿਸ਼ ਵਰਣਨ ਮੇਰੀ ਕਲਪਨਾ ਦੀ ਉਪਜ ਹੈ। ਪੈਸੇ ਦੇ ਲੋਭ 'ਚ ਆ ਕੇ ਰਿਸ਼ਤਿਆਂ 'ਚ ਕਿਵੇਂ ਤ੍ਰੇੜ ਆਉਂਦੀ ਹੈ, ਇਨ੍ਹਾਂ ਮੁੱਦਿਆਂ ਨੂੰ ਮੈਂ 'ਕਾਫ਼ਰ' ਤੇ 'ਪਿੰਜਰ' ਕਹਾਣੀਆਂ 'ਚ ਉਭਾਰਿਆ ਹੈ।

'ਵਿੱਥਾਂ ਦੇ ਆਰ-ਪਾਰ' ਕਹਾਣੀ ਦੀ ਸਿਰਜਣ ਪ੍ਰਕ੍ਰਿਆ ਵੀ ਸਹਿ ਸੁਭਾਅ ਹੋਈ ਹੈ। ਇਸ ਕਹਾਣੀ ਦੀਆਂ 90 ਪ੍ਰਤੀਸ਼ਤ ਘਟਨਾਵਾਂ ਨੂੰ ਮੈਂ ਨੇੜੇ ਤੋਂ ਦੇਖਿਆ ਜਾਂ ਖੁਦ ਮੇਰੇ 'ਤੇ ਵਾਪਰੀਆਂ ਹੋਈਆਂ ਹਨ। ਗੱਲ ਇੰਝ ਹੈ ਕਿ ਮੈਂ ਸਕੂਲ ਪੜ੍ਹਦਾ ਤਾਂ ਕਣਕਾਂ ਦੀਆਂ ਵਾਢੀਆਂ 'ਚ ਪਿੰਡ ਰਸੂਲਪੁਰ ਚਲੇ ਜਾਂਦਾ। ਉੱਥੇ ਮੈਂ ਆਪਣੇ ਮਾਤਾ-ਪਿਤਾ, ਭੈਣ ਤੇ ਭਰਾ ਨਾਲ ਕਣਕ ਦੀ ਵਾਢੀ ਕਰਦਾ। ਅਸੀਂ ਚਾਰ-ਪੰਜ ਘਰ ਰਲ ਜਾਂਦੇ ਤਾਂ ਮਹੀਨਾ ਡੇਢ ਮਹੀਨਾ ਵਾਢੀ ਕਰਦੇ। ਮੈਂ ਤਿੰਨ-ਚਾਰ ਵਾਰੀ ਇਸ ਤਰ੍ਹਾਂ ਵਾਢੀ ਕੀਤੀ। ਵਾਢੀਆਂ ਦੌਰਾਨ ਵਾਪਰੀਆਂ ਘਟਨਾਵਾਂ ਨੂੰ ਮੈਂ ਆਪਣੀ ਲੰਮੀ ਕਹਾਣੀ 'ਵਿੱਥਾਂ ਦੇ ਆਰ-ਪਾਰ' ਵਿੱਚ ਪੇਸ਼ ਕੀਤਾ। ਕਹਾਣੀ 'ਚ ਮੈਂ ਕਿਹੜੀ ਗੱਲ ਪਾਠਕਾਂ ਤੱਕ ਲੈ ਕੇ ਜਾਣੀ ਹੈ ਇਹ ਮੇਰੀ ਵਿਚਾਰਧਾਰਕ ਪ੍ਰਤੀਬੱਧਤਾ ਸੀ। ਇਸ ਕਹਾਣੀਆਂ ਦੀਆਂ ਬਹੁਤੀਆਂ ਘਟਨਾਵਾਂ ਮੈਂ ਹੱਡੀਂ ਹੰਢਾਈਆਂ ਸਨ। ਇਸ ਕਹਾਣੀ 'ਚ ਨਾਟਕੀਅਤਾ ਬਹੁਤ ਹੈ। ਦਰਅਸਲ ਇਹ ਮੈਂ ਨਾਵਲ ਲਿਖਿਆ ਸੀ 100 ਕੁ ਪੰਨਿਆਂ ਦਾ। ਫਿਰ ਇਸ ਦੇ 7-8 ਪੰਨਿਆਂ ਦੀ ਕਹਾਣੀ ਬਣਾ ਕੇ ਆਪਣੀ ਪਹਿਲੀ ਕਿਤਾਬ 'ਚਾਨਣ ਦੀ ਲੀਕ' ਵਿੱਚ ਸ਼ਾਮਲ ਕੀਤੀ ਤੇ ਨਾਵਲ ਦੀ ਲੰਮੀ ਕਹਾਣੀ ਬਣਾ ਦਿੱਤੀ। ਇਸ ਕਹਾਣੀ 'ਚ ਦਲਿਤ ਵਾਢੀ ਕਰਨ ਵਾਲਿਆਂ ਨੂੰ ਮੈਂ ਬਰੀਕੀ 'ਚ ਪੇਸ਼ ਕਰਨ ਦਾ ਯਤਨ ਕੀਤਾ। ਦਲਿਤਾਂ ਦੁਆਰਾ ਦਲਿਤ ਦੇ ਕੀਤੇ ਜਾਂਦੇ ਸ਼ੋਸ਼ਣ ਨੂੰ ਮੈਂ ਇਸ ਕਹਾਣੀ 'ਚ ਫੜਨ ਦਾ ਯਤਨ ਕੀਤਾ। ਦਲਿਤਾਂ ਦੀ ਆਪਸੀ ਕੰਟਾਡੰਕਸ਼ਨ ਨੂੰ ਮੈਂ ਹੋਰ ਕਹਾਣੀਆਂ ਵਿਚ ਉਭਾਰਿਆ। ਇਹ ਸ਼ੋਸ਼ਣ ਦਾ ਮੁੱਦਾ ਮੈਂ ਸੁਚੇਤ ਹੋ ਕੇ ਨਹੀਂ ਉਭਾਰਿਆ ਬਸ ਜਿਵੇਂ ਦੇਖਿਆ ਲਿਖ ਦਿੱਤਾ। ਇਸ ਤੋਂ ਪਹਿਲਾਂ ਤਾਂ ਜ਼ਿੰਮੀਦਾਰਾਂ ਵੱਲੋਂ ਕਿਰਤੀਆਂ ਦੇ ਸ਼ੋਸ਼ਣ ਦੀ ਕਹਾਣੀ ਲਿਖੀ ਜਾਂਦੀ ਰਹੀਂ ਸੀ। ਕਿਰਤੀਆਂ ਨੂੰ ਕਹਾਣੀ ਵਿਚ ਬੜੇ ਸਾਊ ਤੇ

ਇਮਾਨਦਾਰ ਪੇਸ਼ ਕੀਤਾ ਜਾਂਦਾ ਸੀ। ਪਤਾ ਨਹੀਂ ਕਿਵੇਂ ਇਹ ਬਿੰਬ ਮੇਰੇ ਕੋਲੋਂ ਤੋੜ ਹੋਇਆ। ਮੈਨੂੰ ਇਸ ਬਾਰੇ ਕਾਫੀ ਦੇਰ ਬਾਅਦ ਵਿਚ ਜਾ ਕੇ ਪਤਾ ਲੱਗਾ।

'ਇੰਦੂਮਣੀ' ਕਹਾਣੀ ਦੀ ਸਿਰਜਣ ਪ੍ਰਕਿਰਿਆ ਉਦੋਂ ਹੋਣੀ ਆਰੰਭ ਹੋਈ, ਜਦੋਂ ਮੇਰੀ ਇਕ ਸਾਹਿਤਕ ਰੁਚੀਆਂ ਰੱਖਣ ਵਾਲੀ ਕੁੜੀ ਨਾਲ ਮੁਹੱਬਤ ਹੋ ਗਈ। ਸਾਡੀ ਇਹ ਮੁਹੱਬਤ ਪੰਜ-ਸੱਤ ਸਾਲ ਚੱਲੀ। ਇਸ ਦਾ ਅੰਤ ਸੁਖਾਤ ਵਾਲਾ ਰਿਹਾ, ਪਰ ਉਦੋਂ ਮੇਰਾ ਦਿਮਾਗ਼ ਪੁੱਠਾ ਚੱਲਿਆ, ਮੇਰਾ ਦਿਮਾਗ਼ ਉਨ੍ਹਾਂ ਗੱਲਾਂ ਨੂੰ ਸੋਚਣ ਲੱਗ ਪਿਆ, ਜਦੋਂ ਮੁਹੱਬਤ ਟੁੱਟ ਗਈ ਤਾਂ ਕਿਹੋ ਜਿਹਾ ਦੁਖਾਂਤ ਵਾਪਰੇਗਾ। ਉਸ ਮੁਟਿਆਰ ਦੀ ਸਥਿਤੀ ਕੀ ਹੋਵੇਗੀ। ਇਸ ਨੈਗੇਟਿਵ ਸੋਚ ਨਾਲ ਮੇਰੇ ਦਿਮਾਗ਼ 'ਚ ਘਟਨਾਵਾਂ ਘੜ ਹੋਣ ਲੱਗ ਪਈਆਂ। ਇਹ ਕਹਾਣੀ ਮੈਂ ਉਸ ਮੁਟਿਆਰ ਦੇ ਮੰੂਹੋਂ ਕਹਾਈ, ਜਿਹੜੀ ਦੂਜੇ ਮਰਦ ਨਾਲ ਵਿਆਹੀ ਜਾਂਦੀ ਹੈ। ਕਿਸੇ ਗਲਤ-ਫਹਿਮੀ ਕਰਕੇ, ਪਰ ਉਹ ਅੰਦਰੋਂ ਆਪਣੇ ਪ੍ਰੇਮੀ ਨਾਲ ਜੁੜੀ ਹੋਈ ਹੈ। ਉਹ ਦੂਜੇ ਮਰਦ ਦੇ ਬੱਚੇ ਦੀ ਮਾਂ ਵੀ ਬਣੀ ਹੈ। ਇਸ ਦੌਰਾਨ ਔਰਤ ਦੀ ਮਨੋਦਸ਼ਾ ਨੂੰ ਮੈਂ ਬਰੀਕੀ ਨਾਲ ਫੜ੍ਹਿਆ ਹੈ ਇਸ ਕਹਾਣੀ ਵਿੱਚ। 'ਇੰਦੂਮਣੀ' ਕਹਾਣੀ 'ਚ ਇਤਿਹਾਸਕ ਮਿਥਿਹਾਸਕ ਵੇਰਵੇ ਵੀ ਸਹਿ-ਸੁਭਾਅ ਆ ਗਏ ਜਿਹੜੀ ਕਹਾਣੀ ਦੀ ਮੁੱਖ ਪਾਤਰ ਇੰਦੂਮਣੀ ਦੀ ਮਨੋਦਸ਼ਾ ਨੂੰ ਉਭਾਰਨ ਵਾਲੇ ਚਿੰਨ੍ਹ ਬਣਦੇ ਹਨ।

'ਚਾਨਣ ਦੀ ਲੀਕ' 'ਚ ਮੇਰੀਆਂ ਛੇ ਕਹਾਣੀਆਂ ਹਨ, ਜਿਹੜੀਆਂ ਮੈਂ 1990 ਤੋਂ 92 ਵਿਚਕਾਰ ਲਿਖੀਆਂ। ਇਨ੍ਹਾਂ ਕਹਾਣੀਆਂ ਦੇ ਵਿਸ਼ੇ ਮੇਰੇ ਸਿੱਧੇ-ਅਸਿੱਧੇ ਰੂਪ 'ਚ ਨਿੱਜ ਨਾਲ ਹੰਢਾਏ ਵੇਰਵੇ ਹਨ। 'ਸੂਰਜ ਦੀ ਕਿਰਨ' ਕਹਾਣੀ 'ਚ ਮੈਂ ਆਪਣੀ ਮਾਤਾ ਦੇ ਕਰੈਕਟਰ ਨੂੰ ਚਿਤਰਿਆ। 'ਵਾਢੀਆਂ ਤੋਂ ਬਾਅਦ' ਵਿੱਚ ਵਾਢੀਆਂ ਦੇ ਦਿਨਾਂ 'ਚ ਘਟੀਆਂ ਘਟਨਾਵਾਂ ਨੂੰ ਚਿਤਰਿਆ। 'ਧੁੰਦ ਨੂੰ ਚੀਰਦਾ ਸੂਰਜ' ਕਹਾਣੀ ਵਿੱਚ ਮੈਂ ਬਸੰਤੇ ਪਾਤਰ ਰਾਹੀ ਆਪਣੇ ਨਾਨੇ ਨੂੰ ਚਿਤਰਿਆ। ਕਹਾਣੀ ਦੇ ਵਿਸ਼ੇ ਨੂੰ ਆਪਣੀ ਕਲਪਨਾ ਨਾਲ ਢਾਲ ਲਿਆ। 'ਦੀਪਾ ਅਜਿਹਾ ਨਹੀਂ' ਕਹਾਣੀ ਮੈਂ ਪੰਜਾਬ ਸੰਕਟ ਦੌਰਾਨ ਵਾਪਰਦੇ ਪਿਆਰ ਅਨੁਭਵ ਨੂੰ ਨਵੇਂ ਐਂਗਲ ਤੋਂ ਪੇਸ਼ ਕੀਤਾ ਕਿ ਇਕ ਮੁਹੱਬਤ ਕਰਨ ਵਾਲੀ ਔਰਤ ਦੀ ਨਜ਼ਰ 'ਚ ਦੀਪਾ ਅੱਤਵਾਦੀ ਨਹੀਂ ਸੀ, ਪਰ ਸਰਕਾਰ ਉਸਨੂੰ ਅੱਤਵਾਦੀ ਸਮਝਦੀ ਹੈ। 'ਕੁਵੇਲੇ ਤੁਰਿਆ ਪਾਂਧੀ' ਕਹਾਣੀ ਨਾਨਾ ਜੀ ਤੋਂ ਮਿਲੀ। ਇਸ ਕਹਾਣੀ ਦਾ ਪਾਤਰ ਨੰਤਾ ਮੈਂ ਨਾਨੇ ਵਿਚੋਂ ਘੜਿਆ। 'ਆਪਣੇ ਲਹੂ ਦੀ ਚਿੰਤਾ' ਕਹਾਣੀ ਦਾ ਗੇਂਦੀ ਬੁੜਾ ਵਿਚ ਵੀ ਨਾਨਾ ਜੀ ਆ ਜਾਂਦੇ ਹਨ। ਇਸ ਕਿਤਾਬ ਦੀਆਂ ਸਾਰੀਆਂ ਕਹਾਣੀਆਂ 'ਚ ਨਾਨਾ ਜੀ ਦਾ ਚਿਹਰਾ ਕਿਸੇ ਨਾ ਕਿਸੇ ਰੂਪ 'ਚ ਆਉਂਦਾ ਹੈ। ਇਨ੍ਹਾਂ ਕਹਾਣੀਆਂ ਦੀ ਸ਼ੈਲੀ ਵਾਰਤਾਲਾਪ ਵਾਲੀ ਰਹੀ ਹੈ, ਨਾਲ ਹੀ ਕਹਾਣੀਆਂ ਦੇ ਅੰਤ ਵਿਦਰੋਹੀ ਸੁਰ ਵਾਲੇ ਹਨ, ਪਰ ਦੂਜੇ ਕਹਾਣੀ ਸੰਗ੍ਰਹਿ 'ਮੈਂ ਸ਼ੈਤਾਨ ਤੇ ਇੰਦੂਮਣੀ' 'ਚ ਸ਼ੈਲੀ ਵੀ ਬਦਲ ਜਾਂਦੀ ਹੈ ਤੇ ਵਿਸ਼ੇ ਵੀ। ਮੇਰੀ ਕਹਾਣੀ ਬਾਹਰਮੁਖੀ ਦੀ ਬਜਾਏ ਅੰਤਰਮੁਖੀ ਹੋ ਜਾਂਦੀ ਹੈ। ਮੈਂ ਬਾਹਰੀ ਘਟਨਾਵਾਂ ਤੋਂ ਉਪਜੀ ਮਾਨਸਿਕ ਟੁੱਟ-ਭੱਜ ਨੂੰ ਪੇਸ਼ ਕਰਨ ਲੱਗ ਪੈਂਦਾ ਹਾਂ। 'ਮੈਂ, ਸ਼ੈਤਾਨ ਤੇ ਇੰਦੂਮਣੀ' ਕਹਾਣੀ ਸੰਗ੍ਰਹਿ 'ਚ ਮੇਰੀਆਂ ਬਹੁਤੀਆਂ ਕਹਾਣੀਆਂ ਦੇ ਵਿਸ਼ੇ ਪਹਿਲੀ ਵਾਰੀ ਆਏ ਜਾਂ ਪਾਤਰ ਪਹਿਲੀ ਵਾਰੀ ਲੈ ਕੇ ਆਇਆ। 'ਕਸੂਰਵਾਰ' ਕਹਾਣੀ 'ਚ ਔਰਤ ਦੇ ਹੁੱਕੀ ਪੀਣ ਦੇ ਅਨੁਭਵ 'ਕੀੜਾ' ਵਿਚ ਸੈਕਸ ਅਤ੍ਰਿਪਤੀ ਤੋਂ ਉਪਜੇ ਦਿਮਾਗ਼ੀ ਪਾਗਲਪਨ ਨੂੰ, 'ਜਨੇਊ' 'ਚ ਭਾਰ ਪੈਣ ਨਾਲ ਪੀੜਤ ਔਰਤ ਨੂੰ, 'ਸ਼ੈਤਾਨ' ਵਿਚ ਆਪਣੇ ਭਰਾ ਤੇ ਆਪਣੀ ਬਰਾਦਰੀ ਦੁਆਰਾ ਆਪਣਿਆਂ ਦੁਆਰਾ ਕੀਤੇ ਸ਼ੋਸ਼ਣ ਨੂੰ, 'ਵਿੱਥਾਂ ਦੇ ਆਰ-ਪਾਰ' ਵਿਚ ਦਲਿਤ ਵਾਢੀ ਕਰਨ ਵਾਲੇ ਕਾਮਿਆਂ ਤੇ ਦਲਿਤਾਂ ਦੁਆਰਾ ਦਲਿਤਾਂ ਦੇ ਸ਼ੋਸ਼ਣ ਨੂੰ, 'ਰਹਿਮਤ ਮਸੀਹ ਮੱਟੂ ਦੀ ਜੀਵਨੀ' ਵਿਚ ਭੰਗੀ-ਵਾਲਮੀਕ ਸਮਾਜ ਦੀ ਪੀੜ ਆਦਿ ਨੂੰ ਮੈਂ ਆਪਣੀਆਂ ਕਹਾਣੀਆਂ 'ਚ ਲੈ ਕੇ ਆਇਆ। "ਕਸੂਰਵਾਰ" 'ਚ ਔਰਤ ਦਾ ਹੁੱਕੀ ਪੀਣ ਦਾ ਅਨੁਭਵ ਅਤੇ 'ਖੋਜ' ਕਹਾਣੀ ਦੀ ਡਾਇਰੀ ਨੁਮਾ ਤਕਨੀਕ ਆਦਿ ਦਾ ਬਾਅਦ 'ਚ ਮੇਰੇ ਸਮਕਾਲੀਆਂ ਨੇ ਅਨੁਕਰਣ ਵੀ ਕੀਤਾ। ਇਹੋ ਜਿਹੇ ਅਨੁਭਵ ਪੰਜਾਬੀ ਕਹਾਣੀ 'ਚ ਨਾਂ ਮਾਤਰ ਆਏ ਹਨ, ਜੇ ਆਏ ਤਾਂ ਉਹ ਘੱਟ ਮਾਤਰਾ 'ਚ। ਕਹਾਣੀ ਲਿਖਣ ਤੋਂ ਪਹਿਲਾਂ ਮੇਰੀ ਕੋਸ਼ਿਸ਼ ਹੁੰਦੀ ਹੈ ਕਿ ਮੈਂ ਆਪਣੀ ਕਹਾਣੀ 'ਚ ਉਹ ਪਾਤਰ, ਉਹ ਵਿਸ਼ਾ ਜਾਂ ਉਹ ਘਟਨਾਵਾਂ ਨੂੰ ਲੈ ਕੇ ਆਵਾਂ ਜੋ ਸੱਜਰੀਆਂ ਹੋਣ ਤੇ ਹਨ੍ਹੇਰੇ 'ਚ ਰਹੀਆਂ ਹੋਣ। ਕਹਾਣੀ 'ਚ ਮੈਂ ਕੀ ਕਹਿਣਾ ਹੈ ਜਾਂ ਕਿਹੜਾ ਸੰਦੇਸ਼ ਦੇਣਾ ਹੈ ਇਹ ਮੇਰੇ ਵੱਸ ਦੀ ਗੱਲ ਨਹੀਂ, ਨਾ ਹੀ ਮੇਰੇ ਕੋਲੋਂ ਬੰਦ ਅੰਤ ਵਾਲੀਆਂ ਕਹਾਣੀਆਂ ਲਿਖ ਹੁੰਦੀਆਂ ਹਨ, ਨਾ ਹੀ ਕਹਾਣੀ 'ਚ ਨਗੀਨੇ ਜੜ੍ਹ ਹੁੰਦੇ ਹਨ। ਸ਼ਬਦ ਅਲੰਕਾਰ ਦਾ ਰੋਗ ਮੇਰੇ

ਦਿਮਾਗ ਨੂੰ ਨਹੀਂ ਹੈ, ਇਹੋ ਜਿਹੀਆਂ ਗੱਲਾਂ ਨੂੰ ਮੈਂ ਕਹਾਣੀ 'ਚ ਫਜ਼ੂਲ ਸਮਝਦਾ ਹਾਂ। ਜਦੋਂ ਤੀਜਾ ਕਹਾਣੀ ਸੰਗ੍ਰਹਿ 'ਤੀਜਾ ਨੇਤਰ' ਛਪਦਾ ਹੈ ਤਾਂ ਇਸ ਕਿਤਾਬ ਵਿਚ ਸ਼ਾਮਿਲ ਕਹਾਣੀਆਂ ਵਿਚ ਕੰਪਿਊਟਰ, ਮੁਬਾਇਲ, ਇਤਿਹਾਸ / ਮਿਥਿਹਾਸ ਦੇ ਚਿਹਨ ਆ ਜਾਂਦੇ ਹਨ। ਹਰ ਕਹਾਣੀ ਵੱਖਰੀ ਤਕਨੀਕ ਨਾਲ ਸਿਰਜ ਹੋਣ ਲੱਗਦੀ ਹੈ।

'ਤੀਜਾ ਨੇਤਰ' ਕਿਤਾਬ ਵਿਚਲੀਆਂ ਕੁਝ ਕੁ ਕਹਾਣੀਆਂ ਦੇ ਲਿਖਣ ਢੰਗ ਬਾਰੇ ਦੱਸਣਾ ਮੈਂ ਜ਼ਰੂਰੀ ਸਮਝਦਾ ਹਾਂ। 'ਮਾਸਾਹਾਰੀ' ਕਹਾਣੀ ਵਿਚ ਮੈਂ ਮੱਧ ਵਰਗੀ ਘਰਾਂ ਵਿਚ ਕੰਮ ਕਰਨ ਵਾਲੀ ਦਲਿਤ ਔਰਤ ਦੇ ਕਮੁਕ ਵਿਹਾਰ ਨੂੰ ਪੇਸ਼ ਕੀਤਾ ਹੈ। ਇਸ ਕਹਾਣੀ ਵਿਚ ਕਿਤੇ ਵੀ ਔਰਤ ਆਪਣੇ ਹੋ ਰਹੇ ਸ਼ਰੀਰਕ ਸ਼ੋਸ਼ਣ ਵਿਰੁੱਧ ਖੜ੍ਹੀ ਨਹੀਂ ਹੁੰਦੀ। ਅਸਲ ਵਿਚ ਮੈਂ ਇਸ ਕਹਾਣੀ ਰਾਹੀ ਮਰਦ ਦੇ ਅਧੀਨ ਰਹਿਣ ਦੀ ਚੇਸ਼ਟਾ ਨੂੰ ਪੇਸ਼ ਕੀਤਾ ਹੈ। ਇਸ ਕਹਾਣੀ ਦੀ ਮੁੱਖ ਪਾਤਰ 'ਛਿੰਦੋ' ਨੂੰ ਮੈਂ ਬਹੁਤ ਨੇੜੇ ਤੋਂ ਦੇਖਿਆ।

'ਦੇਵਕੀ ਨਾਲ ਮੁਲਾਕਾਤ' ਕਹਾਣੀ ਦੀ ਮੁੱਖ ਪਾਤਰ ਦੇਵਿੰਦਰ ਕੌਰ ਉਰਫ਼ ਦੇਵਕੀ ਉਪਭੋਗੀ ਸਮੇਂ ਵਿਚ ਉੱਚੀਆਂ ਖਹਿਸ਼ਾ ਵਿਚ ਜੀਉਣ ਲਈ ਤਾਂਘਦੀ ਹੈ, ਪਰ ਸਿਸਟਮ ਅੱਗੇ ਬੇਵੱਸ ਹੋ ਕੇ ਰਹਿ ਜਾਂਦੀ ਹੈ। ਪੈਸੇ ਨੂੰ ਆਪਣੀ ਮੁੱਠੀ ਵਿਚ ਕਰਨ ਲਈ ਉਹ ਹਰ ਹੀਲਾ ਵਰਤਦੀ ਹੈ ਪਰ ਵਕਤ ਹੱਥੋ ਹਾਰ ਜਾਂਦੀ ਹੈ। ਇਸ ਕਹਾਣੀ ਦੀ ਪਾਤਰ ਕੋਲ ਮੈਂ ਤਕਰੀਬਨ ਸਾਲ ਕੁ ਕੰਮ ਕੀਤਾ ਹੈ, ਉਸ ਦਾ ਲੋਕਾਂ ਪ੍ਰਤੀ, ਆਪਣੇ ਪਰਿਵਾਰ ਪ੍ਰਤੀ, ਮੇਰੇ ਪ੍ਰਤੀ ਜੋ ਵਿਹਾਰ ਸੀ ਉਸ ਨੂੰ ਮੈਂ ਕਹਾਣੀ ਵਿਚ ਢਲਿਆ।

'ਚੁੱਪ ਦੇ ਅੰਦਰਲਾ ਸ਼ੋਰ' ਕਹਾਣੀ ਵਿਚ ਮੈਂ ਮੱਧ ਵਰਗੀ ਜਮਾਤ ਦੇ ਘਰੇਲੂ ਤਣਾਓ ਨੂੰ ਪੇਸ਼ ਕੀਤਾ ਹੈ। ਇਸ ਕਹਾਣੀ ਵਿਚ ਇਕ ਪਰਿਵਾਰ ਦੇ ਵੱਖ ਵੱਖ ਪਾਤਰ ਆਉਂਦੇ ਹਨ ਤੇ ਜੱਜ ਸਾਹਮਣੇ ਬਿਆਨ ਦਿੰਦੇ ਹਨ। ਇਸ ਕਹਾਣੀ ਦੇ ਪਾਤਰਾਂ ਦੇ ਵਿਹਾਰ ਨੂੰ ਮੈਂ ਬਚਪਨ ਤੋਂ ਦੇਖਦਾ ਆ ਰਿਹਾ ਸੀ। ਜਦੋਂ ਉਨ੍ਹਾਂ ਦੇ ਮੁੰਡੇ ਅਤੇ ਨੂੰ ਹ ਵਿਚਲਾ ਟਕਰਾਓ ਦਾ ਸੰਕਟ ਆਇਆ ਤਾਂ ਮੇਰੇ ਮਨ ਵਿਚ ਕਹਾਣੀ ਬਣਨ ਲੱਗ ਪਈ। ਇਸ ਕਹਾਣੀ ਦਾ ਪਾਤਰ ਸ਼ਿੰਦਰ ਪਾਲ ਅਹੀਰ ਦਾ ਵਿਹਾਰ ਹੁਣ ਹੋਰ ਵੱਧ ਸਨਕੀ ਹੋ ਗਿਆ ਹੈ। ਉਹ ਆਪਣਾ ਪਿੰਡ ਘਰ ਵੀ ਛੱਡ ਕੇ ਆਪਣੀ ਪਤਨੀ ਨੂੰ ਮਹਾਂਨਗਰ ਵਿਚ ਲੈ ਗਿਆ ਹੈ।

'ਤੀਜਾ ਨੇਤਰ' ਉਸ ਵੇਲੇ ਦੀ ਕਹਾਣੀ ਹੈ ਜਦੋਂ ਮੈਂ ਸ਼ਹਿਰ ਰਹਿੰਦੇ ਇਕ ਪਰਿਵਾਰ ਦੀ ਲੜਕੀ ਕੋਲ ਆਪਣੇ ਮੈਗਜ਼ੀਨ ਦਾ ਕੰਮ ਕਰਵਾਉਣ ਜਾਂਦਾ ਸੀ। ਉਸ ਦੇ ਘਰ ਦਾ ਨਕਸ਼ਾ ਇਸ ਕਹਾਣੀ ਵਿਚ ਬੜਾ ਬਰੀਕੀ ਨਾਲ ਖਿਚ ਹੋਇਆ ਹੈ। ਭਾਵੇਂ ਕਿ ਉਸ ਔਰਤ ਦਾ ਇਕ ਕਹਾਣੀ ਦੀ ਪਾਤਰ ਨਾਲ ਕੁਝ ਵੀ ਨਹੀਂ ਮਿਲਦਾ ਪਰ ਮੇਰੇ ਮਨ ਵਿਚ ਘਟਨਾਵਾਂ ਘੜ ਹੋਣ ਲੱਗ ਪਈਆ।

ਮੈਨੂੰ ਇਸ ਗੱਲ ਦੀ ਹੈਰਾਨੀ ਹੋ ਰਹੀ ਕਿ 'ਮਹਾਮਾਯਾ' ਕਹਾਣੀ ਮੇਰੇ ਦਿਮਾਗ਼ ਵਿਚ ਕਿੱਥੋਂ ਆਈ। ਇਸ ਕਹਾਣੀ ਦੀ ਕੋਈ ਵੀ ਘਟਨਾ ਮੈਂ ਅੱਖੀ ਨਹੀਂ ਦੇਖੀ ਨਾ ਹੀ ਕਿਤੇ ਸੁਣੀ। ਬਸ ਮੈਨੂੰ ਐਨਾ ਕੁ ਚੇਤੇ ਹੈ ਕਿ ਮੈਂ ਗੌਤਿਮ ਬੁੱਧ ਬਾਰੇ ਕੋਈ ਕਿਤਾਬ ਪੜ੍ਹ ਰਿਹਾ ਸੀ ਉਸ ਵਿਚ ਮਹਾਮਾਯਾ ਦਾ ਪ੍ਰਸੰਗ ਆਉਂਦਾ ਹੈ, ਬਸ ਉਸ ਪ੍ਰਸੰਗ ਨੇ ਮੇਰੇ ਅੰਦਰ ਕਹਾਣੀ ਦੀ ਤੰਦਾਂ ਬਣਾ ਦਿੱਤੀਆਂ। ਆਪਣੇ ਆਪ ਹੀ ਉਹ ਮਾਂ ਸਿਰਜ ਹੋ ਗਈ ਜਿਹੜੀ ਮਹਾਤਮਾ ਬੁੱਧ ਦੀ ਮਾਤਾ ਮਹਾਮਾਯਾ ਬਣਨ ਦੀ ਕਲਪਨਾ ਕਰਦੀ ਹੈ। ਏਥੇ ਮੈਂ ਕਲਪਨਾ ਤੇ ਯਥਾਰਥ ਦੇ ਪਾੜੇ ਨੂੰ ਪੇਸ਼ ਕੀਤਾ ਹੈ।

'ਗੜ੍ਹੀ ਪਿੰਡ ਦੀ ਕਹਾਣੀ' ਪਿੰਡ ਅੰਦਰ ਹੁੰਦੇ ਦਲਿਤਾਂ ਦੇ ਸਮਾਜਿਕ ਬਾਈਕਾਟ ਦੀ ਗੱਲ ਕਰਦੀ ਹੈ। 'ਫੈਸਲਾ' ਕਹਾਣੀ ਵਿਚ ਵੀ ਦਲਿਤਾ ਤੇ ਜੱਟਾਂ ਦੇ ਟਕਰਾਓ ਨੂੰ ਪੇਸ਼ ਕੀਤਾ। ਇਨ੍ਹਾਂ ਕਹਾਣੀਆਂ ਦੀਆਂ ਘਟਨਾਵਾਂ ਨੂੰ ਮੈਂ ਨੇੜਿਓ ਦੇਖਿਆ। ਦਲਿਤਾ ਦੇ ਹੱਕ ਵਿਚ ਖੜਨਾ ਮੇਰੇ ਜਾਤੀ ਸੰਸਕਾਰ ਕਰਕੇ ਹੋਇਆ। ਸਾਇਦ ਇਨ੍ਹਾਂ ਕਹਾਣੀਆਂ ਵਿਚ ਮੈਂ ਪਿੰਡ ਦੇ ਦਲਿਤ ਲੋਕਾਂ ਵੱਲ ਉਲਾਰ ਵੀ ਹੋ ਗਿਆ ਹੋਵਾਂ।

ਮੇਰਾ ਬਾਪ ਮੇਰੀਆਂ ਕਈ ਕਹਾਣੀਆਂ ਵਿਚ ਥੋੜਾ ਥੋੜਾ ਟੁਕੜਿਆ ਵਿਚ ਆਇਆ। ਪਰ ਮੈਂ 'ਮਰਨ ਰੁੱਤ' ਕਹਾਣੀ ਵਿਚ ਆਪਣੇ ਬਾਪ ਨੂੰ ਬੜੀ ਬਰੀਕੀ ਵਿਚ ਚਿਤਰਿਆ। ਇਸ ਕਹਾਣੀ ਨੂੰ ਲਿਖਣ ਲੱਗਿਆ ਮੈਨੂੰ ਬਹੁਤ ਡਰ ਲੱਗ ਰਿਹਾ ਸੀ। ਆਪਣੇ ਬਾਪ ਬਾਰੇ ਲਿਖਣਾ ਮੈਨੂੰ ਔਖਾ ਲੱਗ ਰਿਹਾ ਸੀ। ਜਦੋਂ ਪਿਛਲੇ ਸਾਲ ਉਨ੍ਹਾਂ ਦਾ ਵਿਛੋੜਾ ਹੋ ਗਿਆ ਤਾਂ ਮੈਨੂੰ ਆਪਣੇ ਬਾਪ ਨਾਲ ਜੁੜੀਆਂ ਘਟਨਾਵਾਂ ਤੰਗ ਕਰਨ ਲੱਗ ਗਈਆਂ। ਤੇ ਮੈਂ ਕਹੀਣੀ ਲਿਖ ਦਿੱਤੀ 'ਮਰਨ ਰੁੱਤ' ਕਹਾਣੀ ਲਿਖਣ ਤੋਂ ਬਾਅਦ ਮੈਨੂੰ ਲੱਗਦਾ ਹੈ ਕਿ ਬਾਪ ਨੂੰ ਅਜੇ ਸੰਪੂਰਨ ਰੂਪ ਵਿਚ ਪੇਸ਼

ਨਹੀਂ ਕਰ ਸਕਿਆ। ਭਵਿੱਖ ਵਿਚ ਸਾਇਦ ਕਿਸੇ ਵੱਡੀ ਰਚਨਾ ਵਿਚ ਆਵੇ। ਕਈ ਵਾਰ ਮੇਰੇ ਦੋਸਤ ਕਹਿੰਦੇ ਹਨ ਕਿ ਤੇਰੀਆਂ ਕਹਾਣੀਆਂ ਵਿਚ ਬਾਪ ਦਾ ਬਿੰਬ ਬਹੁਤਾ ਸਤਿਕਾਰ ਵਾਲਾ ਨਹੀਂ ਹੈ। ਇਹਦੇ ਪਿੱਛੇ ਕਈ ਮਰੋੜੀਆਂ ਹਨ, ਕਈ ਘੁੰਡੀਆਂ ਹਨ, ਕਈ ਉਲਝਾਅ ਹਨ। ਜਿਨ੍ਹਾਂ ਦਾ ਜਿਕਰ ਕਰਨਾ ਮੈਂ ਜ਼ਰੂਰੀ ਨਹੀਂ ਸਮਝਦਾ।

ਕਹਾਣੀ ਲਿਖਣ ਤੋਂ ਪਹਿਲਾਂ ਮੈਂ ਆਪਣੇ ਦਿਮਾਗ਼ 'ਚ ਆਈਆਂ ਹੋਈਆਂ ਘਟਨਾਵਾਂ ਨੂੰ ਜੋੜਦਾ ਹਾਂ। ਇਹ ਤਰਤੀਬ ਦਿੰਦਾ ਹਾਂ। ਇਕ ਸਮਾਂ ਦੋ ਦਿਨਾਂ ਤੋਂ ਲੈ ਕੇ ਸੱਤ-ਅੱਠ ਦਿਨ ਹੁੰਦੇ ਹਨ, ਜਦੋਂ ਮੈਨੂੰ ਲੱਗਦਾ ਹੈ ਕਿ ਦਿਮਾਗ਼ 'ਚ ਕਹਾਣੀ ਬਣ ਗਈ ਹੈ ਤਾਂ ਫਿਰ ਮੈਂ ਸੋਚਦਾ ਹਾਂ ਕਿ ਕਹਾਣੀ 'ਚ ਕੀ ਕਹਿਣਾ ਹੈ। ਕਹਾਣੀ ਸ਼ੁਰੂ ਕਿਹੜੇ ਵਾਕ ਤੋਂ ਕਰਨੀ ਹੈ, ਇਹ ਮੈਂ ਕਦੇ ਨਹੀਂ ਸੋਚਿਆ ਨਾ ਹੀ ਕਦੇ ਅੰਤ ਬਾਰੇ ਸੋਚਿਆ ਹੁੰਦਾ ਹੈ, ਬੱਸ ਮੇਰੇ ਕੋਲ ਕਹਾਣੀ ਦਾ ਵਿਚਕਾਰਲਾ ਹਿੱਸਾ ਹੁੰਦਾ ਹੈ। ਇਕ ਵਾਰੀ ਲਿੱਖ ਕੇ ਮੈਂ ਦੋ-ਤਿੰਨ ਦਿਨ ਕਹਾਣੀ ਨੂੰ ਪਰ੍ਹੇ ਰੱਖ ਦਿੰਦਾ ਹਾਂ, ਪਰ ਮੇਰੇ ਦਿਮਾਗ਼ 'ਚ ਕਹਾਣੀ ਚੱਲਦੀ ਰਹਿੰਦੀ ਹੈ। ਦੂਜੀ ਵਾਰੀ ਪੜ੍ਹਨ ਲੱਗਿਆਂ ਕੁਝ ਘਟਨਾਵਾਂ ਹੋਰ ਪਾ ਦਿੰਦਾ ਹਾਂ। ਕਦੇ ਅੰਤ ਬਦਲ ਦਿੰਦਾ ਹਾਂ। ਕਹਾਣੀ ਲਿਖਣ ਤੋਂ ਪਹਿਲਾਂ ਸਿਰਲੇਖ ਮੈਂ ਕਦੀ ਨਹੀਂ ਰੱਖਦਾ। ਕਹਾਣੀ ਪੂਰੀ ਹੋਣ ਤੋਂ ਬਾਅਦ ਵੀ ਮੈਨੂੰ ਸਿਰਲੇਖ ਨਹੀਂ ਲੱਭਦਾ। ਬਹੁਤ ਥੋੜ੍ਹੀਆਂ ਕਹਾਣੀਆਂ ਦੇ ਸਿਰਲੇਖ ਮੈਂ ਰੱਖੇ ਹਨ। ਨਹੀਂ ਤਾਂ ਕੁਝ ਸਿਰਲੇਖ ਦੋਸਤਾਂ-ਮਿੱਤਰਾਂ ਨੇ ਰੱਖੇ ਹਨ। ਬਹੁਤੀਆਂ ਕਹਾਣੀਆਂ 'ਮੈਂ' ਪਾਤਰ ਵਲੋਂ ਲਿਖੀਆਂ ਹਨ। ਜਿਹੜੀਆਂ ਵਧੇਰੇ ਔਰਤਾਂ ਹੁੰਦੀਆਂ ਹਨ। ਕਹਾਣੀ ਕਦੇ ਵੀ ਮੈਂ ਸਮਾਜ ਦੇ ਸੁਧਾਰ ਲਈ ਨਹੀਂ ਲਿਖੀ। ਕਹਾਣੀ ਮੈਂ ਬੰਦੇ/ ਔਰਤ ਦੀ ਮਾਨਸਿਕਤਾ ਨੂੰ ਸਮਝਣ ਲਈ ਲਿਖਦਾ ਹਾਂ। ਨਾਅਰੇ ਵਾਲੀ ਕਹਾਣੀ ਜਾਂ ਸੰਦੇਸ਼ ਵਾਲੀ ਕਹਾਣੀ ਮੇਰੇ ਦਿਮਾਗ਼ 'ਚ ਅੜਦੀ ਨਹੀਂ। ਆਪਣੀ ਕਹਾਣੀ ਰਾਹੀਂ ਬੰਦੇ ਦੀਆਂ ਦੱਬੀਆਂ ਖਾਹਿਸ਼ਾਂ ਜੋ ਆਰਥਿਕ ਸਮਾਜਿਕ ਪਛਾਣ ਬਣਾਉਣ ਲਈ ਵਿਚਰਦੇ ਹਨ ਨੂੰ ਉਭਾਰਦਾ ਹਾਂ।

ਕਹਾਣੀ ਮੈਂ ਬੜਾ ਚੇਤਨ ਹੋ ਕੇ ਲਿਖਦਾ ਹਾਂ। ਮੇਰੀ ਵਿਚਾਰਧਾਰਕ ਸਮਝ ਅੰਬੇਡਕਰੀ/ ਮਾਰਕਸੀ ਚਿੰਤਨ, ਫਰਾਇਡ ਦਾ ਚਿੰਤਨ ਅਤੇ ਬਜ਼ੁਰਗਾਂ ਤੋਂ ਲਏ ਓਰਲ ਚਿੰਤਨ ਤੋਂ ਬਣੀ। ਕਹਾਣੀਕਾਰ ਕੋਲ ਜਿੱਡਾ ਵੱਡਾ ਚਿੰਤਨ ਅਤੇ ਸਪੱਸ਼ਟਤਾ ਹੁੰਦੀ ਹੈ ਉਸ ਦੀ ਰਚਨਾ ਉਨੀ ਵੱਡੀ ਹੋ ਜਾਂਦੀ ਹੈ। ਮੈਂ ਕਹਾਣੀ ਵਿਚ ਕੀ ਪੇਸ਼ ਕਰਨਾ ਹੈ ਅਤੇ ਕਿਵੇਂ ਪੇਸ਼ ਕਰਨਾ ਹੈ। ਕਹਾਣੀ ਲਿਖਣ ਦਾ ਰਹੱਸ ਉਦੋਂ ਬਣਦਾ ਹੈ ਜਦੋਂ ਉਹ ਘਟਨਾਵਾਂ, ਗੱਲਾਂ ਤੇ ਕਈ ਪਾਤਰ ਕਹਾਣੀ 'ਚ ਆਪ ਮੁਹਾਰੇ ਆ ਜਾਂਦੇ ਹਨ। ਜਿਨ੍ਹਾਂ ਦਾ ਮੈਨੂੰ ਪਹਿਲਾਂ ਪਤਾ ਹੀ ਨਹੀਂ ਹੁੰਦਾ। ਮੇਰੀ ਕਹਾਣੀ ਦੇ ਪਾਤਰ ਆਪਣੀ ਜਾਤੀ, ਉਪ ਜਾਤੀ, ਜਾਤੀ ਗੋਤਰ ਨਾਲ ਰਚਨਾ ਵਿਚ ਆਉਂਦੇ ਹਨ। ਇਨ੍ਹਾਂ ਦੇ ਆਧਾਰ ਤੇ ਹੀ ਮੈਂ ਪਾਤਰਾਂ ਦੇ ਸਮਾਜਿਕ ਵਿਹਾਰ ਨੂੰ ਸਮਝਦਾ ਹਾਂ ਤੇ ਪੇਸ਼ ਕਰਦਾ ਹਾਂ। ਮੇਰੀਆਂ ਕਹਾਣੀਆਂ 'ਚ ਸਮਾਜ ਦਾ ਜਾਤੀ ਵਿਹਾਰ ਪੇਸ਼ ਹੋਇਆ ਹੈ। ਨਾ ਕਿ ਜਮਾਤੀ। ਮੇਰੇ ਅੰਦਰ ਬੈਠਾ ਚਿੰਤਨ ਇਹੀ ਕਹਿੰਦਾ ਹੈ ਕਿ ਜਾਤੀ ਤੋਂ ਬਿਨਾਂ ਭਾਰਤੀ ਸਮਾਜ ਨੂੰ ਸਮਝਿਆ ਹੀ ਨਹੀਂ ਜਾ ਸਕਦਾ।

ਕਹਾਣੀ ਦੀ ਤਕਨੀਕ ਤੇ ਪੇਸ਼ਕਾਰੀ ਮੇਰੇ ਲਈ ਰਹੱਸ ਜ਼ਰੂਰ ਹੈ। ਕਹਾਣੀ ਦੀ ਸ਼ੈਲੀ ਤੇ ਤਕਨੀਕ ਮੇਰੇ ਪਾਤਰ ਖ਼ੁਦ ਲੈ ਕੇ ਆਉਂਦੇ ਹਨ। ਮੈਂ ਇਸ ਬਾਰੇ ਸੁਚੇਤ ਨਹੀਂ ਹੁੰਦਾ, ਜਦੋਂ ਮਨ 'ਚ ਕਹਾਣੀ ਬਣਨ ਲੱਗਦੀ ਹੈ ਤਾਂ ਇਕ ਪਾਤਰ ਨਾਲ ਘਟਨਾਵਾਂ ਜੁੜਨ ਲੱਗਦੀਆਂ ਹਨ। ਜਿਸ ਤਰਤੀਬ ਵਿਚ ਘਟਨਾਵਾਂ ਜੁੜਦੀਆਂ ਹਨ, ਉਹੀ ਕਹਾਣੀ ਦੀ ਸ਼ੈਲੀ ਬਣ ਜਾਂਦੀ ਹੈ। ਇਨ੍ਹਾਂ ਕਹਾਣੀਆਂ ਵਿਚ ਸ਼ੈਲੀ ਦੇ ਪੱਧਰ ਤੇ, ਤਕਨੀਕ ਤੇ ਪੇਸ਼ਕਾਰੀ ਦੇ ਟੂਲਜ਼ ਨੂੰ ਮੈਂ ਤੋੜਿਆ ਹੈ। 'ਆਦੀ ਡੰਕਾ' 'ਚ ਨਾਟਕੀ ਸ਼ੈਲੀ ਪੰਜਾਬੀ ਕਹਾਣੀ ਵਿਚ ਪਹਿਲੀ ਵਾਰ ਪੇਸ਼ ਹੋਈ ਹੈ।
ਜੇ ਮੈਂ ਇਨ੍ਹਾਂ ਕਹਾਣੀਆਂ ਦੇ ਸਿਲਪ ਦੀ ਗੱਲ ਕਰਾਂ ਤਾਂ ਅਸਲੋਂ ਨਵਾਂ ਸਿਲਪ ਕੋਈ ਹੁੰਦਾ ਹੀ ਨਹੀਂ। ਕਹਾਣੀ ਪਹਿਲਾਂ ਤੋਂ ਚੱਲੀ ਆ ਰਹੀ ਸਿਲਪ ਕਲਾ ਨੂੰ ਸਹਿਜੇ ਸਹਿਜੇ ਨਵੇਂ ਰੂਪ ਵਿਚ ਢਾਲਦੀ ਹੈ। ਮੈਨੂੰ ਖ਼ੁਦ ਨਹੀਂ ਪਤਾ ਮੇਰੀ ਕਹਾਣੀਆਂ ਦਾ ਸ਼ਿਲਪ ਕਿੱਥੋਂ ਆਇਆ। ਮੈਂ ਜਿਹੜਾ ਸਾਹਿਤ ਪੜ੍ਹਿਆ ਉਸ ਦਾ ਅਚੇਤ ਅਸਰ ਵੀ ਹੋ ਸਕਦਾ ਹੈ। ਮੇਰੇ ਮਨ ਵਿਚ ਜਦੋਂ ਕਹਾਣੀ ਬਣਦੀ ਹੈ। ਤਾਂ ਆਪਣੀ ਸ਼ਕਲ ਖ਼ੁਦ ਬਣਾ ਲੈਂਦੀ ਹੈ। ਮੇਰੀ ਕੋਸ਼ਿਸ਼ ਹੁੰਦੀ ਹੈ ਰਵਾਇਤੀ ਕਹਾਣੀ ਤੋਂ ਹੱਟ ਕੇ ਕਿਸੇ ਨਵੇਂ ਰੂਪ/ਸਿਲਪ ਵਿਚ ਕਹਾਣੀ ਲਿਖਾਂ। ਜਿਸ ਕਹਾਣੀਕਾਰ ਦੇ ਕੋਲ ਨਵਾਂ ਚਿੰਤਨ ਹੋਵੇਗਾ, ਨਵੀਂ ਗੱਲ ਹੋਵੇਗੀ, ਨਵਾਂ ਸਿਲਪ ਆਪਣੇ ਆਪ ਆ ਜਾਵੇਗਾ।

ਮੇਰੀ ਕਹਾਣੀ ਕਿਹੋ ਜਿਹੀ ਹੈ। ਇਹਦੀ ਸ਼ੈਲੀ ਕਿੰਨੀ ਵੱਖਰੀ ਹੈ। ਇਹਦੀ ਕਹਾਣੀ ਦਾ ਸ਼ਾਸ਼ਤਰ ਕਿੱਥੋਂ ਆਇਆ ਹੈ। ਇਹ ਗੱਲਾਂ ਵਿਦਵਾਨਾਂ ਨੇ ਲੱਭਣੀਆਂ ਹਨ। ਕਹਾਣੀਕਾਰ ਦਾ ਕੰਮ ਤਾਂ ਕਹਾਣੀ ਲਿਖਣਾ ਹੁੰਦਾ। ਇਹ ਵੀ ਜ਼ਰੂਰੀ ਨਹੀਂ ਕਿ ਜਿਹੜੀ ਗੱਲ ਕਹਾਣੀਕਾਰ ਨੇ ਕਹਾਣੀ ਵਿਚ ਕਹੀ ਹੈ ਉਹ ਗੱਲ ਵੀ ਹੀ ਚਿੰਤਕ ਵੀ ਫੜ੍ਹਨ। ਜਿਹੜੀ ਵਿਚ ਜਿਨੀ ਸਮਰੱਥਾ ਹੁੰਦਾ ਹੈ ਉਹ ਫੜ ਲੈਂਦਾ ਬਾਕੀ ਛੱਡ ਦਿੰਦਾ ਹੈ।

ਮੇਰਾ ਬਚਪਨ ਨਾਨਕੇ ਪਿੰਡ ਬੀਤਿਆ। ਉਸ ਪਿੰਡ ਦੇ ਬਜ਼ੁਰਗ ਰਾਜਨੀਤਿਕ ਤੌਰ ਤੇ ਅਤੇ ਸਮਾਜਿਕ ਤੌਰ ਤੇ ਜਾਗਦੇ ਸਿਰਾਂ ਵਾਲੇ ਸਨ। ਇਨ੍ਹਾਂ ਬਜ਼ੁਰਗਾਂ ਵਿਚੋਂ ਇਕ ਮੇਰਾ ਨਾਨਾ ਜੀ ਸਨ। ਸਮੇਂ-ਸਮੇਂ ਨਾਨਾ ਜੀ ਤੇ ਹੋਰਨਾਂ ਬਜ਼ੁਰਗਾਂ ਵਲੋਂ ਸੁਣਾਈ ਜਾਂਦੀ ਓਰਲ ਹਿਸਟਰੀ ਮੇਰੇ ਦਿਮਾਗ਼ 'ਤੇ ਜੰਮੀ ਹੋਈ ਹੈ। ਮੇਰੀ ਕਹਾਣੀ ਦਾ ਖ਼ਜਾਨਾ ਉਹੀ ਓਰਲ ਹਿਸਟਰੀ ਹੈ। ਨਾਨਾ ਜੀ ਆਜ਼ਾਦੀ ਤੋਂ ਪਹਿਲਾਂ ਦੇ ਦੁਆਬੇ ਦੇ ਚਮਾਰਾਂ ਦੀ ਸਮਾਜਿਕ ਸਥਿਤੀ, ਬਾਬੂ ਮੰਗੂ ਰਾਮ ਦੀ ਆਦਿ ਧਰਮ ਦੀ ਲਹਿਰ ਬਾਰੇ ਗੱਲਾਂ ਦੱਸਦੇ। ਖਾਸ ਕਰਕੇ ਨਿਰੋਲ ਚਮੜਾ ਰੰਗਣ ਵਾਲੇ ਚਮਾਰਾਂ ਦੇ ਆਪਣੇ ਪਿੰਡ ਧਰਮ ਪੁਰਾ ਦੇ ਸੰਬੰਧ ਵਿਚ ਕਿ ਉਹ ਕਿਵੇਂ ਹੋਂਦ ਵਿਚ ਆਇਆ, ਕਿਵੇਂ ਸਾਰੇ ਲੋਕ ਚਮੜਾ ਰੰਗਣ ਲੱਗੇ। ਇਸ ਪਿੰਡ ਬਾਰੇ ਮੈਂ ਕੋਈ ਵੱਡੀ ਰਚਨਾ ਕਰਨ ਬਾਰੇ ਸੋਚ ਰਿਹਾਂ ਹਾਂ। 'ਕਹਾਣੀ' ਲਈ ਕਹਾਣੀਕਾਰ ਕੋਲ ਜਿੱਡਾ ਵੱਡਾ ਓਰਲ ਗਿਆਨ ਹੋਵੇਗਾ ਉਹ ਉਨੀਂ ਵੱਡੀ ਰਚਨਾ ਰਚ ਸਕਦਾ ਹੈ। ਬੰਦੇ ਦੇ ਅੰਦਰਲੀਆਂ ਰਮਜਾਂ ਅਤੇ ਸਮਾਜ ਨੂੰ ਮੈਂ ਇਸ ਓਰਲ ਹਿਸਟਰੀ ਰਾਹੀਂ ਹੀ ਸਮਝਿਆ। ਕਿਤਾਬੀ ਗਿਆਨ ਨੇ ਹੋਰ ਸਪੱਸ਼ਟਤਾ ਦਿੱਤੀ। ਕੇਵਲ ਕਿਤਾਬੀ ਗਿਆਨ 'ਕਹਾਣੀ' ਨੂੰ ਵੱਡਾ ਨਹੀਂ ਬਣਾ ਸਕਦਾ। ਨਾ ਹੀ ਕਹਾਣੀ ਵਿਚ ਮਾਰਿਆ ਗਿਆ ਨਾਅਰਾ ਜਾਂ ਭਾਸ਼ਣ।

'ਕਸੂਰਵਾਰ' , 'ਜੜ੍ਹਾਂ' , 'ਆਦੀ ਡੰਕਾ' ਦਲਿਤ ਜ਼ਿੰਦਗੀ ਨੂੰ ਅਣਛੋਹੇ ਅਨੁਭਵਾ ਨਾਲ ਪੇਸ਼ ਕਰਨ ਵਾਲੀਆਂ ਕਹਾਣੀਆਂ ਹਨ ਜਿਨ੍ਹਾਂ ਦਾ ਚਿੰਤਕਾਂ ਨੇ ਵਿਆਪਕ ਪੱਧਰ ਤੇ ਨੋਟਸ ਲਿਆ ਹੈ। 'ਗੜ੍ਹੀ ਪਿੰਡ ਦੀ ਕਹਾਣੀ' ਪਿੰਡ ਅੰਦਰ ਹੁੰਦੇ ਦਲਿਤਾਂ ਦੇ ਸਮਾਜਿਕ ਬਾਈਕਾਟ ਦੀ ਗੱਲ ਕਰਦੀ ਹੈ। 'ਫੈਸਲਾ' ਕਹਾਣੀ ਵਿਚ ਵੀ ਦਲਿਤਾ ਤੇ ਜੱਟਾਂ ਦੇ ਟਕਰਾਓ ਨੂੰ ਪੇਸ਼ ਕੀਤਾ। ਇਨ੍ਹਾਂ ਕਹਾਣੀਆਂ ਦੀਆਂ ਘਟਨਾਵਾਂ ਨੂੰ ਮੈਂ ਨੇੜਿਓ ਦੇਖਿਆ। ਦਲਿਤਾ ਦੇ ਹੱਕ ਵਿਚ ਖੜਨਾ ਮੇਰੇ ਜਾਤੀ ਸੰਸਕਾਰ ਕਰਕੇ ਹੋਇਆ।

'ਕਸੂਰਵਾਰ' ਕਹਾਣੀ ਦੀ ਮੁੱਖ ਪਾਤਰ 'ਮੈਂ', 'ਕੀੜਾ' ਕਹਾਣੀ ਦਾ ਰੌਸ਼ਨ, ਵਿੱਥਾ ਦੇ ਆਰ ਪਾਰ ਦਾ ਮੀਕਾ, ਇੰਦੂਮਣੀ ਦੀ ਇੰਦੂ, ਖੋਜ ਦਾ ਹਰਜੀਤ ਰਾਮ ਸੱਲ੍ਹਣ, ਮਾਸਾਹਾਰੀ ਦੀ ਛਿੰਦੋ, ਦੇਵਕੀ ਨਾਲ ਮੁਲਾਕਾਤ ਦੀ ਦੇਵਕੀ, ਤੀਜਾ ਨੇਤਰ ਦੀ ਰਜਨੀ, ਗੜੀ ਪਿੰਡ ਦੀ ਕਹਾਣੀ ਦਾ ਸਰਪੰਚ ਗੁਲਜਾਰੀ, ਰਹਿਮਤ ਮਸੀਹ ਮੱਟੂ ਦੀ ਜੀਵਨੀ ਦਾ 'ਰਹਿਮਤ, ਜੜ੍ਹਾਂ ਦਾ ਭਿਕਸ਼ੂ ਗਿਆਨ ਰਤਨ, ਮਰਨ ਰੁੱਤ ਦਾ ਮਦਨ, ਗੰਧ ਦੀ ਮੋਨਿਕਾ, ਡਾਕੂਮੈਂਟਰੀ ਦੀ ਮਾਸੀ ਵਰਿਆਮੀ, ਕਿੱਥੇ ਗਈ ਹਮੀਦਾ ਦਾ ਜੋਗੀ ਅਤੇ ਆਦੀ ਡੰਕਾ ਦਾ ਚੌਧਰੀ ਫ਼ਕੀਰ ਚੰਦ ਮੇਰੇ ਬਹੁਤ ਨੇੜੇ ਦੇ ਪਾਤਰ ਹਨ। ਮੈਂ ਇਹ ਪਾਤਰ ਕਲਪਨਾ ਨਾਲ ਹਵਾ ਵਿਚੋਂ ਵਿਚ ਨਹੀਂ ਫੜੇ। ਇਹ ਪਾਤਰ ਦਲਿਤ ਸਮਾਜ ਦੀ ਸਮਾਜਿਕ ਇਤਿਹਾਸਕਾਰੀ ਕਰਦੇ ਹਨ। ਇਨ੍ਹਾਂ ਵਿਚੋਂ ਕੁਝ ਪਾਤਰ ਅਮਰ ਪਾਤਰ ਬਣਨ ਦੀ ਸਮਰੱਥਾ ਰੱਖਦੇ ਹਨ। ਇਨ੍ਹਾਂ ਪਾਤਰਾਂ ਨੂੰ ਮੈਂ ਆਪਣੀ ਸਮਾਜਿਕ ਦ੍ਰਿਸ਼ਟੀ ਨਾਲ ਮੁੜ ਘੜਿਆ ਹੈ। ਮੇਰੇ ਕੁਝ ਪਾਤਰ ਪੰਜਾਬ ਦਾ ਬਰਡਰ ਟੱਪ ਕੇ ਦੂਜੇ ਪ੍ਰਤਾਂ ਵਿਚ ਪਹੁੰਚੇ ਹਨ ਪੰਜਾਬ ਦੇ ਦਲਿਤ ਸਮਾਜ ਦੀ ਸਮਾਜਿਕ, ਆਰਥਿਕ, ਰਾਜਨੀਤਿਕ ਹਾਲਾਤ ਨੂੰ ਬਿਆਨ ਕਰਨ ਲੱਗ ਪਏ ਹਨ। ਮੇਰਾ ਇਹ ਮਕਸਦ ਹੈ ਕਿ ਪੰਜਾਬ ਤੋਂ ਬਾਹਰਲੇ ਲੋਕ ਮੇਰੇ ਪਾਤਰਾਂ ਰਾਹੀਂ ਇਥੋਂ ਨਪੀੜੇ ਦਲਿਤ ਲੋਕਾਂ ਬਾਰੇ ਜਾਣੂ ਹੋ ਸਕਣ।